# ਖ਼ਾਲਸਾ ਜੰਤਰੀ




# ਸੂਰਾ

ਅੰਮ੍ਰਿਤਸਰ

ਦਸੰਬਰ 1982

1983 ਦੀ ਜੰਤਰੀ ਸਮੇਤ

www.AKJ.Org

# ਤਤਕਰਾ


| | | |
|---|---|---|
| ਦੇਸ ਫਿਰਿਓ ਕਰਿ ਭੇਸ ਤਪੋਧਨ (ਪਾਠ-ਵੀਚਾਰ) | 'ਸੂਰਾ' ਪਰਵਾਨ | ੩ |
| ਸ੍ਰੀ ਦਸਮੇਸ਼ ਗੁਰੂ ਪਾਤਸ਼ਾਹ ਦਾ ਉੱਚਾ ਸੁੱਚਾ ਆਦਰਸ਼ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੬ |
| ਖਾਲਸਈ ਹਲੇਮੀ ਰਾਜ ਹੋ ਕੇ ਰਹੇਗਾ | ,, ,, ,, | ੮ |
| ਦਰਸ਼ਨ ਨਜ਼ਾਰਾ ਤੇਰਾ (ਕਵਿਤਾ) | ,, ,, ,, | ੧੦ |
| ਪੂਰਨ ਸ਼ਖਸੀਅਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ਗਿ: ਗੋਪਾਲ ਸਿੰਘ ਜੀ ਮਿਤਰ | ੧੧ |
| ਤੇਰੇ ਜਿਹਾ ਹੋਇਆ ਕੋਈ ਵੇਖਿਆ ਨਹੀਂ (ਕਵਿਤਾ) | ,, ,, ,, | ੧੪ |
| ਦਸਮੇਸ਼ ਗੁਰੂ ਵਰਗਾ ਹੋਇਆ ਨਾ ਕੋਈ ਸਾਨੀ (ਕਵਿਤਾ) | ਸ: ਦਾਨ ਸਿੰਘ ਜੀ ਕੋਮਲ | ੧੫ |
| ੧੯੧੪-੧੫ ਦੇ ਆਜ਼ਾਦੀ ਦੇ ਮੋਢੀ | ਗਿਆਨੀ ਨਾਹਰ ਸਿੰਘ ਜੀ | ੧੮ |
| ਗੁਰਦਵਾਰਾ ਨਾਨਕ ਲਾਮਾ ਚੁੰਗਥਾਮ ਦੇ ਦਰਸ਼ਨ ਦੀਦਾਰੇ | ਭਾਈ ਮੇਹਰ ਸਿੰਘ ਜੀ | ੨੫ |
| ਸਿਖ ਇਕ ਵਿਲੱਖਣ ਕੌਮ | ਸਾਥੀ ਪਾਲ ਸਿੰਘ ਜੀ | ੨੬ |
| ਸਿੰਘ ਕਦੇ ਖ਼ਤਮ ਨਹੀਂ ਹੋ ਸਕਦੇ—ਸ਼ਹੀਦ ਬਾਬਾ ਬੋਤਾ ਸਿੰਘ ਗਰਜਾ ਸਿੰਘ | ਸ: ਜਸਵਿੰਦਰ ਸਿੰਘ ਜੀ | ੩੧ |
| ਖਾਲਸਾ ਕੀ, ਕਿਉਂ ਤੇ ਕਿਵੇਂ ਸਾਜਿਆ ਗਿਆ ? | ਸ: ਰਾਜਿੰਦਰ ਸਿੰਘ ਜੀ U.S.A. | ੩੪ |
| ਅਕ੍ਰਿਤਘਣਤਾ ਦੀ ਹੱਦ | ਸੰਤ ਹਰਚੰਦ ਸਿੰਘ ਜੀ ਲੌਂਗੋਵਾਲ | ੩੫ |
| ਜਥੇਦਾਰ ਭਾ: ਸਾ: ਰਾਮ ਸਿੰਘ ਜੀ ਹੀ ਰਹਿਣਗੇ | ਦਿਲੀ ਮੀਟਿੰਗ ਵਲੋਂ ਫ਼ੈਸਲਾ | ੩੬ |
| ਖਾਲਸੇ ਦੇ ਧਰਮ-ਮੋਰਚੇ ਬਾਰੇ | ਅਖਬਾਰਾਂ ਦੀ ਜ਼ਬਾਨੀ | ੩੮ |
| ਭਾਈ ਸਾਹਿਬ ਰਣਧੀਰ ਸਿੰਘ ਜੀ ਸਕਾਲਰਸ਼ਿਪ | ਜਥੇਦਾਰ ਅਖੰਡ ਕੀਰਤਨੀ ਜਥਾ | ੪੩ |


ਸ੍ਰੀ ਗੁਰੂ ਗੋਬਿੰਦ ਜੀ ਅਵਤਾਰ ੨੨ ਦਸੰਬਰ

## ਸੂਰਾ ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਭਾਈ ਅਜੀਤ ਸਿੰਘ ਕੈਰੋਂ | ੧੦-੦੦ | ਸ: ਹਰਨੇਕ ਸਿੰਘ ਗਰੇਵਾਲ ਧਨੇਰ | ੧੫-੦੦ |
| ਸ: ਰੰਧੀਰ ਸਿੰਘ ਕਾਲਰਾ ਨਵੀਂ ਦਿਲੀ | ੧੧-੦੦ | ਸ: ਮਹਿੰਦਰ ਸਿੰਘ ਨਵੀਂ ਦਿਲੀ | ੧੧-੦੦ |
| ਸ: ਕਰਤਾਰ ਸਿੰਘ ਗਾਜ਼ੀਆਬਾਦ | ੫-੦੦ | ਸ: ਤਾਰਾ ਸਿੰਘ ਹਰਭਜਨ ਸਿੰਘ ਬੰਬਈ | ੩੧-੦੦ |
| ਸ: ਹਰਪਾਲ ਸਿੰਘ ਜੰਮੂ | ੫-੦੦ | ਸ: ਰੇਸ਼ਮ ਸਿੰਘ ਝੱਜ (ਚੜ੍ਹਦੀ ਕਲਾ ਲਈ) | ੫੦-੦੦ |
| ਸ: ਸੁਰਜੀਤ ਸਿੰਘ ਬਾਵਾ ਗੁੜਗਾਉਂ | ੧੧-੦੦ | ਸ:ਅਵਤਾਰ ਸਿੰਘ ਡਰਾਫ਼ਟਸਮੈਨ ਫ਼ਰਾਕਾ ਬੈਰਿਜ(ਚੜ੍ਹਾਵਾ) | ੨੨-੦ |

| | | |
|---|---|---|
| ਸ: ਜੋਧ ਸਿੰਘ ਨਵੀਂ ਦਿਲੀ | ਬੱਚੀ ਮਨਜੀਤ ਕੌਰ ਦੇ ਅਨੰਦ ਦੀ ਖੁਸ਼ੀ ਵਿਚ | ੫੦-੦੦ |
| ਬੀਬੀ ਅਨੂਪ ਕੌਰ ਸੁਪਤਨੀ ਭਾਈ ਹਰਬੰਸ ਸਿੰਘ ਜੀ ਸ਼ਹੀਦ | ਸ਼ਹੀਦ ਦੀ ਯਾਦ ਵਿਚ | ੫੧-੦੦ |
| ਸ: ਪਰਤਾਪ ਸਿੰਘ ਨਵੀਂ ਦਿਲੀ | ਕਾਕੇ ਦੇ ਅਨੰਦ ਦੀ ਖੁਸ਼ੀ ਵਿਚ | ੧੦੧-੦੦ |
| ਸ: ਕਰਤਾਰ ਸਿੰਘ (ਗੁਜਰਾਤ) | ਬੀਬੀ ਰਾਮ ਪਿਆਰੀ ਦੇ ਚਲਾਣੇ ਸਮੇਂ | ੧੧-੦੦ |
| ਸ: ਮਨਜੀਤ ਸਿੰਘ ਨਵੀਂ ਦਿਲੀ | ਕਾਕੇ ਦੇ ਜਨਮ ਦੀ ਖੁਸ਼ੀ ਵਿਚ | ੧੧-੦੦ |
| ਸ: ਨਰਿੰਦਰ ਪਾਲ ਸਿੰਘ ਨਵੀਂ ਦਿਲੀ | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੦੦-੦੦ |
| ਸ: ਹਰਬੰਸ ਸਿੰਘ ਬੀਬੀ ਹਰਜੀਤ ਕੌਰ ਨਵੀਂ ਦਿਲੀ— | ਆਪਣੇ ਸਤਿਕਾਰ ਯੋਗ ਪਿਤਾ ਬਾਊ ਮੱਲ ਸਿੰਘ ਜੀ ਦੀ ਯਾਦ ਵਿਚ (ਹਰਿਗੋਬਿੰਦ ਐਨਕਲੇਵ ਵਿਖੇ) ਰਖਾਏ ਸ੍ਰੀ ਅਖੰਡਪਾਠ ਸਮੇਂ ਚੜ੍ਹਾਵਾ | ੧੨੧-੩੫ |
| ਬੀਬੀ ਗਿਆਨ ਕੌਰ ਨਵੀਂ ਦਿਲੀ— | ਸਪੁਤਰ ਕੈਪਟਨ ਮਨਜੀਤ ਸਿੰਘ ਦੀ ਯਾਦ ਵਿਚ ਸਹਿਜ ਪਾਠ ਦੇ ਭੋਗ ਸਮੇਂ | ੪੧-੦੦ |
| ਸ: ਦਵਿੰਦਰ ਸਿੰਘ ਅੰਮ੍ਰਿਤਸਰ | ਆਪਣੇ ਪਿਤਾ ਭਾਈ ਗੁਰਬਚਨ ਲਾਲ ਦੀ ਬਰਸੀ ਦੇ ਭੋਗ ਸਮੇਂ | ੪੯-੬੨ |
| ਸ: ਮਾਨ ਸਿੰਘ ਧਨਬਾਦ | ਸੂਰਾ ਸਟਾਫ ਲਈ ਦਿਲੀ ਤੋਂ ਅੰਮ੍ਰਿਤਸਰ ਤਕ ਟਿਕਟ | ੩੦-੦੦ |
| ਸ: ਪ੍ਰੀਤਮ ਸਿੰਘ ਆਈ. ਪੀ. ਲੁਧਿਆਣਾ | ਰੀਟਾਇਰਮੈਂਟ ਦੀ ਖੁਸ਼ੀ ਵਿਚ | ੨੧-੦੦ |
| ਸੂਬੇਦਾਰ ਮੇਜਰ ਗੁਰਮੁਖ ਸਿੰਘ, ਸ਼ੰਕਰ | ਸ੍ਰੀ ਅਖੰਡਪਾਠ ਦੇ ਭੋਗ ਸਮੇਂ | ੫੧-੦੦ |
| ਸ: ਹਰਬੰਸ ਸਿੰਘ ਮਿਸਤ੍ਰੀ ਵਾਲੇ, ਅੰਮ੍ਰਿਤਸਰ | ਸਮਾਗਮ ਦਾ ਚੜ੍ਹਾਵਾ | ੩੪-੦੦ |


ਲਾਕਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨.੧੨.੮੨ ਨੂੰ ਪ੍ਰਕਾਸ਼ਤ ਕੀਤਾ।

ਟੇਲੀਫ਼ੋਨ ਨੰਬਰ : 51847 ਘਰ : 43094



www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


੧ਓ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

**ਪਰਦੇਸ**

ਸਮੁੰਦਰੀ ਡਾਕ ੩੦-੦੦

ਹਵਾਈ ਡਾਕ

ਅਰਬ, ਮਲਾਇਆ ੪੫-੦੦
ਯੂ. ਕੇ., ਅਫ਼ਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦

**ਅਮਾਨਤੀ**

**ਲਾਈਫ਼ ਮੈਂਬਰ**

ਦੇਸ ੧੫੦-੦੦
ਪਰਦੇਸ ੩੦੦-੦੦

ਹਵਾਈ ਡਾਕ

ਯੂ. ਕੇ. ਅਫਰੀਕਾ ੬੫੦-੦੦
ਕੈਨੇਡਾ, ਅਮਰੀਕਾ ੭੦੦-੦੦
ਅਰਬ ਮਲਾਇਆ ੫੦੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੬ | ਦਸੰਬਰ ੧੯੯੨ | ਅੰਕ ੧੨


## ਦੇਸ ਫਿਰਿਓ ਕਰਿ ਭੇਸ ਤਪੋਧਨ

ਤੀਰਥ ਕੋਟਿ ਕੀਏ ਇਸਨਾਨ, ਦੀਏ ਬਹੁ ਦਾਨ ਮਹਾ ਬ੍ਰਤ ਧਾਰੇ ॥
ਦੇਸ ਫਿਰਿਓ ਕਰਿ ਭੇਸ ਤਪੋਧਨ, ਕੇਸ ਧਰੇ ਨ ਮਿਲੇ ਹਰਿ ਪਿਆਰੇ ॥
ਆਸਨ ਕੋਟਿ ਕਰੇ ਅਸਟਾਂਗ ਧਰੇ, ਬਹੁ ਨਿਆਸ ਕਰੇ ਮੁਖ ਕਾਰੇ ॥
ਦੀਨ ਦਇਆਲ ਅਕਾਲ ਭਜੇ ਬਿਨੁ, ਅੰਤ ਕੋ ਅੰਤ ਕੇ ਧਾਮ ਸਿਧਾਰੇ ॥੨੫੨॥

ਤ੍ਵਪ੍ਰਸਾਦਿ, ਅਕਾਲ ਉਸਤਤਿ ਪਾ: ੧੦

ਕਾ ਭਯੋ ਜੋ ਧਰ ਮੂੰਡ ਜਟਾ ਸੁ, ਤਪੋਧਨ ਕੋ ਜਗ ਭੇਖ ਦਿਖਾਯੋ ॥
ਕਾ ਭਯੋ ਜੋ ਕੋਊ ਲੋਚਨ ਮੂੰਦ, ਭਲੀ ਬਿਧਿ ਸੋਂ ਹਰਿ ਕੇ ਗੁਨ ਗਾਯੋ ॥
ਅਉਰ ਕਹਾਂ ਜੁ ਪੈ ਆਰਤੀ ਲੈ ਕਰਿ, ਧੂਪ ਜਗਾਇ ਕੈ ਸੰਖ ਬਜਾਯੋ ॥
ਸਯਾਮ ਕਹੈ ਤੁਮ ਹੀ ਕਹੋ, ਬਿਨੁ ਪ੍ਰੇਮ ਕਿਹੂੰ ਬ੍ਰਿਜਨਾਇਕ ਪਾਯੋ ॥੨੨੩੭॥

ਸਵੈਯਾ ਕ੍ਰਿਸ਼ਨਾਵਤਾਰ ਚੋਂ



www.AKJ.Org

# ਦੇਸ ਫਿਰਿਓ ਕਰਿ ਭੇਸ ਤਪੋਧਨ

ਮੁਢਲੇ ਪੰਨੇ ਤੇ ਦਿਤੇ ਦੋਵੇਂ ਸਵੈਯੇ ਦਸਮ ਪਾਤਸ਼ਾਹ ਜੀ ਦੀ ਪਵਿਤਰ ਬਾਣੀ ਦੇ ਸੰਗ੍ਰਹਿ ਦਸਮ ਗ੍ਰੰਥ ਵਿਚੋਂ ਹਨ। ਪਹਿਲਾ ਸਵੈਯਾ 'ਅਕਾਲ ਉਸਤਤਿ' ਬਾਣੀ ਵਿਚੋਂ ਤ੍ਵਪ੍ਰਸਾਦਿ ਸਵੈਯੇ "ਦੀਨਨ ਕੀ ਪ੍ਰਤਿਪਾਲ ਕਰੈ" ਵਿਚੋਂ ਹੈ। ਕਈ ਗੁਰੂ ਕੇ ਪਿਆਰੇ ਨਿਤਨੇਮ ਦੇ ਨਾਲ ਇਨ੍ਹਾਂ ਸਵਈਆਂ ਦਾ ਵੀ ਰੋਜ਼ਾਨਾ ਪਾਠ ਕਰਦੇ ਹਨ। ਇਸ ਸਵਈਏ ਦੀ ਤੀਜੀ ਤੁਕ ਦਾ ਪਦ-ਭੇਦ ਕਰਨ ਲਗਿਆਂ ਕਈ ਗੁਟਕਿਆਂ ਵਿਚ ਭੁਲੇਖਾ ਪਾ ਦਿਤਾ ਗਿਆ ਹੈ ਅਤੇ ਇਹ ਪਾਠ ਇਉਂ ਪਦ-ਛੇਦ ਕੀਤਾ ਗਿਆ ਹੈ–

"ਦੇਸ ਫਿਰਿਓ ਕਰਿ ਭੇਸ ਤਪੋ, ਧਨ ਕੇ ਸਧਰੇ ਨ ਮਿਲੇ ਹਰਿ ਪਿਆਰੇ ॥"

ਹੈਰਾਨੀ ਦੀ ਗੱਲ ਹੈ ਕਿ **ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਛਪ ਰਹੀ ਗੁਰਬਾਣੀ ਵਿਚ ਵੀ ਇਹ ਪਾਠ** ਗੁਟਕਿਆਂ ਤੇ ਪੋਥੀਆਂ ਵਿਚ ਬਦਲ ਬਦਲ ਕੇ ਛਪ ਰਿਹਾ ਹੈ ਅਤੇ ਗੁਰਬਾਣੀ ਦੇ ਪ੍ਰੇਮੀਆਂ ਨੂੰ ਭੁਲੇਖੇ ਵਿਚ ਸੁਟਿਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵਲੋਂ ਵਖ ਵਖ ਥਾਈਂ ਇਹ ਪਾਠ ਹੇਠ ਲਿਖੇ ਅਨੁਸਾਰ ਛਪਿਆ ਮਿਲਦਾ ਹੈ–

(੧) ਸੁੰਦਰ ਗੁਟਕਾ ਪਹਿਲੀਆਂ ਐਡੀਸ਼ਨਾਂ............ਕੇਸ ਧਰੇ ਨ ਮਿਲੇ ਹਰਿ ਪਿਆਰੇ ॥
(੨) ਸੁੰਦਰ ਗੁਟਕਾ ਪੰਜਵੀਂ ਐਡੀਸ਼ਨ.......... ਧਨ ਕੇ ਸਧਰੇ ਨ ਮਿਲੇ ਹਰਿ ਪਿਆਰੇ ॥
(੩) ਸੁੰਦਰ ਗੁਟਕਾ ਛੇਵੀਂ ਐਡੀਸ਼ਨ ਅਤੇ ਬਾਅਦ ਤਕ............ਕੇਸ ਧਰੇ ਨ ਮਿਲੇ ਹਰਿ ਪਿਆਰੇ ॥
(੪) ਨਿਤਨੇਮ ਤੇ ਹੋਰ ਬਾਣੀਆਂ **੧੧ਵੀਂ** ਤੇ **੧੪ਵੀਂ** ਐਡੀਸ਼ਨ........... ਕੇਸ ਧਰੇ ਨ ਮਿਲੇ ਹਰਿ ਪਿਆਰੇ ॥
(੫) ਨਿਤਨੇਮ ਮੋਟੇ ਅੱਖਰ ੧੯੮੦ ਐਡੀਸ਼ਨ............ਧਨ ਕੇ ਸਧਰੇ ਨ ਮਿਲੇ ਹਰਿ ਪਿਆਰੇ ॥
(੬) ਨਿਤਨੇਮ ਹਿੰਦੀ ਵਿਚ ੧੯੮੦ ਐਡੀਸ਼ਨ .......... ਧਨ ਕੇ ਸਧਰੇ ਨ ਮਿਲੇ ਹਰਿ ਪਿਆਰੇ ॥
(੭) ਅਕਾਲ ਉਸਤਤਿ (ਵਖਰੀ ਪੁਸਤਕ) ਦੋਵੇਂ ਐਡੀਸ਼ਨ.........ਕੇਸ ਧਰੇ ਨ ਮਿਲੇ ਹਰਿ ਪਿਆਰੇ ॥
(੮) ਦਸ ਗ੍ਰੰਥੀ ਪਹਿਲੀ ਐਡੀਸ਼ਨ........... ਕੇਸ ਧਰੇ ਨ ਮਿਲੇ ਹਰਿ ਪਿਆਰੇ ॥
(੯) ਦਸ ਗ੍ਰੰਥੀ ਦੂਜੀ ਐਡੀਸ਼ਨ .......... ਧਨ ਕੇ ਸਧਰੇ ਨ ਮਿਲੇ ਹਰਿ ਪਿਆਰੇ ॥

ਵਖ ਵਖ ਪੋਥੀਆਂ ਅਤੇ ਵਖ ਵਖ ਐਡੀਸ਼ਨਾਂ ਵਿਚ ਇਕੋ ਸੰਸਥਾ ਵਲੋਂ ਛਪੀ ਗੁਰਬਾਣੀ ਦੇ ਪਾਠ ਵਿਚ ਇਹ ਫ਼ਰਕ ਹੋਣਾ ਨਿਸਚੇ ਹੀ ਹੈਰਾਨੀ ਵਿਚ ਸੁਟਣ ਵਾਲੀ ਗੱਲ ਹੈ। ਦਸਮ ਗ੍ਰੰਥ ਦੀ ਬਾਣੀ ਵਿਚੋਂ ਹੀ ਸੇਧ ਲੈ ਕੇ ਇਕ ਪਾਠ ਨਿਸਚਿਤ ਕਰ ਕੇ ਇਕ-ਸਾਰਤਾ ਕਰ ਲੈਣੀ ਅਤੀ ਜ਼ਰੂਰੀ ਹੈ।

ਇਥੇ 'ਕੇਸ' ਰਹਿਤ ਉਪਰ ਉਟੰਕਣ ਨਹੀਂ ਹੈ, ਸਗੋਂ ਲੰਮੀਆਂ ਜਟਾਂ ਧਾਰਨ ਕਰਨ ਵਾਲੇ ਤਪੱਸਵੀਆਂ ਦੇ ਬਾਹਰਮੁਖੀ ਭੇਖ ਦਾ ਖੰਡਨ ਹੈ। ਦੂਸਰਾ ਸਵੈਯਾ ਜੋ 'ਕ੍ਰਿਸਨਾਵਤਾਰ' ਵਿਚੋਂ ਨਾਲ ਹੀ ਦਿਤਾ ਗਿਆ ਹੈ, ਉਸ ਦੀ ਪਹਿਲੀ ਤੁਕ ਇਸ ਭੇਖ ਦੀ ਗੱਲ ਨੂੰ ਬਿਲਕੁਲ ਸਪਸ਼ਟ ਕਰ ਰਹੀ ਹੈ–

"ਕਾ ਭਯੋ ਜੋ ਧਰ ਮੂੰਡ 'ਜਟਾ' ਸੁ, ਤਪੋਧਨ ਕੋ ਜਗ ਭੇਖ ਦਿਖਾਯੋ ॥"

ਇਸ ਤੁਕ ਵਿਚ ਸਾਫ਼ ਸ਼ਬਦਾਂ ਵਿਚ 'ਕੇਸ' ਦੀ ਥਾਂ ਲਫ਼ਜ਼ 'ਜਟਾ' ਹੈ ਅਤੇ ਇਹ ਤੁਕ ਭੇਖਧਾਰੀ ਸਾਧੂਆਂ ਨੂੰ ਸੰਬੋਧਨ ਕਰ ਰਹੀ ਹੈ ਕਿ ਕੀ ਹੋਇਆ ਜੇ ਮੂੰਡ (ਸਿਰ) ਤੇ ਲੰਮੀਆਂ ਜਟਾਂ ਵਧਾ ਲਈਆਂ ਅਤੇ ਇਸ ਤਰ੍ਹਾਂ ਤਪੱਸਵੀਆਂ ਵਾਲਾ ਭੇਖ ਬਣਾ ਕੇ ਜਗਤ ਨੂੰ ਦਿਖਾਲ ਦਿਤਾ।

ਇਨ੍ਹਾਂ ਸਵਈਆਂ ਵਿਚ ਬਾਹਰਮੁਖੀ ਪਖੰਡ ਦਾ ਖੰਡਨ ਕੀਤਾ ਹੋਇਆ ਹੈ ਅਤੇ ਦਸਿਆ ਹੈ ਕਿ ਕਰੋੜਾਂ ਤੀਰਥ-ਇਸ਼ਨਾਨ ਕਰਨ ਨਾਲ, ਭਾਂਤ ਭਾਂਤ ਦੇ ਦਾਨ ਦੇਣ ਨਾਲ, ਬੜੇ ਬੜੇ ਵਰਤ ਰਖਣ ਨਾਲ ਅਤੇ ਲੰਮੀਆਂ ਜਟਾਂ ਵਧਾ ਕੇ ਤੇ ਤਪੱਸਵੀਆਂ ਦਾ ਭੇਖ ਧਾਰ ਕੇ ਦੇਸਾਂ-ਦੇਸਾਂਤਰਾਂ ਵਿਚ ਰਟਨ


www.AKJ.Org

ਕਰਨ ਨਾਲ, ਪਿਆਰੇ ਪ੍ਰਭੂ ਜੀ ਨਹੀਂ ਮਿਲ ਸਕਦੇ। ਇਸੇ ਤਰ੍ਹਾਂ ਜੋਗ ਮਤ ਦੇ ਅਨੇਕਾਂ ਆਸਣ ਕਰਨ ਨਾਲ ਜਾਂ ਜੋਗ ਕਿਰਿਆ ਦੇ ਅਸ਼ਟ ਅੰਗ ਸਾਧਣ ਨਾਲ ਜਾਂ ਸੰਨਿਆਸ ਧਾਰਨ ਕਰਨ ਨਾਲ ਕੁਝ ਨਹੀਂ ਪ੍ਰਾਪਤ ਹੋਣਾ। ਮੁਖ ਤੇ ਇਹ ਕਾਲਖ ਮਲਣ ਨਾਲ ਕੀ ਪ੍ਰਾਪਤ ਹੋਣਾ ਹੈ ? ਸਿਟੇ ਦੀ ਗੱਲ ਇਹ ਹੈ ਕਿ ਅਕਾਲ ਪੁਰਖ ਜੋ ਦੀਨਾਂ ਤੇ ਦਇਆ ਕਰਨ ਵਾਲੇ ਹਨ, ਉਸ ਦੇ ਸਿਮਰਨ ਤੋਂ ਬਿਨਾਂ ਅੰਤ ਨੂੰ ਜਮਪੁਰੀ ਵਿਚ ਹੀ ਜਾਣਾ ਪੈਂਦਾ ਹੈ।

ਇਸੇ ਤਰ੍ਹਾਂ ਹੀ ਦੂਜੇ ਸਵਈਏ ਵਿਚ ਵੀ ਦਿਖਲਾਵੇ ਦੇ ਭੇਖ ਦਾ ਖੰਡਨ ਹੈ ਕਿ ਸਿਰ ਤੇ ਲੰਮੀਆਂ ਜਟਾਂ ਰਖ ਕੇ ਤਪੱਸਵੀਆਂ ਦਾ ਭੇਖ ਜਗਤ ਨੂੰ ਦਿਖਾਲਣ ਨਾਲ, ਅੱਖਾਂ ਮੀਟ ਕੇ ਖ਼ੂਬ ਬਨਾਵਟ ਬਣਾ ਕੇ ਪ੍ਰਭੂ ਦੇ ਗੁਣ ਗਾਉਣੇ ਦਸਣ ਨਾਲ, ਜਾਂ ਧੂਪ ਦੀਪ ਜਗਾ ਕੇ ਤੇ ਸੰਖ ਵਜਾ ਕੇ ਆਰਤੀ ਉਤਾਰਨ ਨਾਲ ਉਹ ਸ਼ਿਆਮ ਸੁੰਦਰ ਪ੍ਰਭੂ ਨਹੀਂ ਪਾਇਆ ਜਾ ਸਕਦਾ।

ਸੋ ਇਥੇ ਭੇਖ, ਪਾਖੰਡ, ਬਾਹਰਲੇ ਦਿਖਾਵੇ ਦਾ ਖੰਡਨ ਹੈ ਅਤੇ ਇਥੇ 'ਕੇਸ' ਤੋਂ ਭਾਵ ਲੰਮੀਆਂ ਜਟਾਂ ਰਖਣ ਤੋਂ ਹੈ। ਇਥੇ ਕੇਸ ਰਖਣ ਉਤੇ ਕੋਈ ਕਿੰਤੂ ਨਹੀਂ ਹੈ। ਇਸ ਭੁਲੇਖੇ ਵਿਚ ਪੈ ਕੇ ਪਾਠ ਬਦਲਣ ਦੀ ਲੋੜ ਨਹੀਂ। ਇਸ ਤੁਕ ਦਾ ਸਹੀ ਪਾਠ ਇਹੋ ਹੀ ਹੈ–

"ਦੇਸ ਫਿਰਿਓ ਕਰਿ ਭੇਸ ਤਪੋਧਨ, ਕੇਸ ਧਰੇ ਨ ਮਿਲੇ ਹਰਿ ਪਿਆਰੇ ॥"

ਸੋ ਇਸ ਪਾਠ ਨੂੰ ਬਿਨਾਂ ਸੰਕੋਚ ਦੇ ਸ਼ੁਧ ਰੂਪ ਵਿਚ ਹੀ ਕਰਨਾ ਠੀਕ ਹੈ।

(੨) ਇਸੇ ਤਰ੍ਹਾਂ ਜਾਪ ਸਾਹਿਬ ਦੇ ਛੰਦ ਨੰਬਰ ਪੰਜਾਹ ਦੀ ਪਹਿਲੀ ਤੁਕ ਦਾ ਪਾਠ ਹੈ–

ਕਲੰਕੰ ਬਿਨਾ 'ਨੇਕਲੰਕੀ' ਸਰੂਪੇ ॥

ਪਰ ਕਈ ਥਾਈਂ ਇਸ ਪੰਗਤੀ ਦਾ ਪਾਠ ਇਉਂ ਭੀ ਕੀਤਾ ਗਿਆ ਹੈ–

ਕਲੰਕੰ 'ਬਿਨਾਨੇ' ਕਲੰਕੀ ਸਰੂਪੀ ॥

ਇਹ 'ਬਿਨਾਨੇ' ਵਾਲਾ ਪਾਠ ਦਰੁਸਤ ਨਹੀਂ ਹੈ, ਇਥੇ 'ਨੇਕਲੰਕੀ' ਸਬਦ ਇਕੱਠਾ ਹੈ, ਇਸ ਕਰਕੇ ਪਾਠ ਕਰਨਾ ਹੈ 'ਬਿਨਾ' ਅਤੇ 'ਨੇਕਲੰਕੀ'। ਇਸ ਗੱਲ ਨੂੰ ਸਹੀ ਸਿਧ ਕਰਨ ਦੀ ਪੁਸ਼ਟੀ ਲਈ ਅਸੀਂ ਦਸਮ ਪਾਤਸ਼ਾਹ ਦੀ ਬਾਣੀ ਵਿਚੋਂ ਹੀ ਸੇਧ ਲੈਂਦੇ ਹਾਂ। ਦਸਮ ਪਾਤਸ਼ਾਹ ਜੀ ਦੀ ਬਾਣੀ ਹੈ "ਗਿਆਨ ਪ੍ਰਬੰਧ"। ਇਸ ਬਾਣੀ ਦਾ ਅਰੰਭ ਇਸ ਛੰਦ ਨਾਲ ਹੁੰਦਾ ਹੈ–

ਨਮੋ ਨਾਥ ਪੂਰੇ ਸਦਾ ਸਿੱਧ ਕਰਮੰ ॥
ਅਛੇਦੀ ਅਭੇਦੀ ਸਦਾ ਏਕ ਧਰਮੰ ॥
ਕਲੰਕੰ ਬਿਨਾ ਨਿਹਕਲੰਕੀ ਸਰੂਪੇ ॥
ਅਛੇਦੰ ਅਭੇਦੰ ਅਖੇਦੰ ਅਨੂਪੇ ॥੧॥

ਇਸ ਉਪਰਲੇ ਛੰਦ ਦੀ ਤੀਜੀ ਤੁਕ ਹੈ–

"ਕਲੰਕੰ ਬਿਨਾ ਨਿਹਕਲੰਕੀ ਸਰੂਪੇ ॥"

ਇਸ ਤੁਕ ਦੇ ਪਾਠ ਵਿਚ 'ਨਿਹਕਲੰਕੀ' ਸ਼ਬਦ ਦੇ ਸ਼ਬਦ-ਜੋੜ ਅਜਿਹੇ ਹਨ, ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਸਾਰਾ ਸ਼ਬਦ ਇਕ ਹੈ। ਇਸ ਤੋਂ ਨਿਰਣਾ ਹੁੰਦਾ ਹੈ ਕਿ ਜਾਪ ਸਾਹਿਬ ਵਿਖੇ ਵੀ ਪਾਠ 'ਨੇਕਲੰਕੀ' ਹੈ, ਅਤੇ ਉਸ ਤੁਕ ਦਾ ਪਾਠ ਇਉਂ ਹੀ ਕਰਨਾ ਹੈ–

"ਕਲੰਕੰ ਬਿਨਾ ਨੇਕਲੰਕੀ ਸਰੂਪੇ ॥"



www.AKJ.Org

# ਸ੍ਰੀ ਦਸਮੇਸ਼ ਗੁਰੂ ਪਾਤਸ਼ਾਹ ਦਾ ਉੱਚਾ ਸੁੱਚਾ ਆਦਰਸ਼

[ਵਲੋਂ—ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਇਹ ਕਹਿਣਾ ਬਿਲਕੁਲ ਲਗ਼ਵ (ਬੇਹੂਦਾ) ਹੈ, ਜੈਸਾ ਕਿ ਆਮ ਕਹਾਵਤ ਵਿਚ ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਪਾਤਸ਼ਾਹ ਕੇਵਲ ਹਿੰਦੂ ਧਰਮ ਰਖਸ਼ਕ ਸਨ ਅਤੇ ਹਿੰਦੂ ਧਰਮ ਦੇ ਹੀ ਗਦੀ ਪੀਰ ਸਦਾਂਵਦੇ ਸਨ।

ਆਪੋ ਆਪਣੇ ਖ਼ਿਆਲ ਅਨੁਸਾਰ ਕੋਈ ਕੁਛ ਕਹਿੰਦਾ ਫਿਰੇ, ਪਰੰਤੂ ਹੱਕ ਤਾਂ ਏਸ ਗੱਲ ਵਿਚ ਹੈ ਕਿ ਗੁਰੂ ਦਸਮੇਸ਼ ਪਾਤਸ਼ਾਹ ਹੱਕ-ਪ੍ਰਸਤ ਅਤੇ ਹੱਕ ਦੇ ਮੁਤਲਾਸ਼ੀਆਂ ਦੇ ਸੱਚੇ ਰਹਿਬਰ ਸਨ। ਉਨ੍ਹਾਂ ਦੇ ਪਾਸ ਜੋ ਸ਼ਖਸ ਭੀ ਹੱਕ-ਜੋਇੰਦਾ (ਸੱਚ ਦਾ ਢੂੰਡਾਊ) ਬਣ ਕੇ ਆਇਆ, ਉਸ ਨੂੰ ਹੀ ਸੱਚੇ ਪਾਤਸ਼ਾਹ ਨੇ ਹੱਕ-ਪ੍ਰਸਤ ਬਣਾ ਦਿਤਾ ਅਤੇ ਖ਼ੁਦਾਵੰਦ ਸੱਚੇ ਵਾਹਿਗੁਰੂ ਦੇ ਲੜ ਲਾਇਆ। ਗਹਿਰ ਗੰਭੀਰੇ ਮੱਚਦੇ ਜੰਗ ਸਮੇਂ ਭੀ ਗੁਰੂ ਸੱਚੇ ਪਾਤਸ਼ਾਹ ਨੇ ਧਰਮੀ ਲੋਕਾਂ ਦਾ ਅੰਗ ਪਾਲਿਆ ਅਤੇ ਰਾਜਸੀ ਰੁਹਬ ਦਾਬ ਦੀ ਕੁਛ ਪ੍ਰਵਾਹ ਨਹੀਂ ਕੀਤੀ।

ਮੱਚਦੇ ਘੋਰ ਜੰਗ ਵਿਚ ਇਕ ਮੁਸਲਮਾਨ ਜਰਨੈਲ ਸੈਦ ਬੇਗ ਮੁਸਲਮਾਨੀ ਫੌਜ ਵਿਚੋਂ ਨਿੱਖੜ ਕੇ ਸਿਰਫ਼ ਗੁਰੂ ਦਸਮੇਸ਼ ਜੀ ਦੇ ਦਰਸ਼ਨਾਂ ਨੂੰ ਆਇਆ। ਅੰਤਰਜਾਮੀ ਗੁਰੂ ਜੀ ਨੇ ਉਸ ਦੀ ਸੱਚੀ ਕੁੱਝ ਪਛਾਣ ਕੇ ਉਸ ਜਰਨੈਲ ਨੂੰ ਇਕ ਅਕਾਲ ਪੁਰਖ ਦਾ ਅਜਿਹਾ ਆਸ਼ਕ ਅਤੇ ਸੱਚਾ ਮਸਤਾਨਾ ਬਣਾ ਦਿੱਤਾ ਕਿ ਉਹ ਯੁਧ-ਭੂਮੀ ਛਡ ਕੇ ਅਤੇ ਮੁਸਲਮਾਨੀ ਫ਼ੌਜ ਦੀ ਸਿਪਾਹ-ਸਾਲਾਰੀ ਤਿਆਗ ਕੇ, ਇਕ ਅਕਾਲ ਪੁਰਖ ਦਾ ਸੱਚਾ ਆਸ਼ਕ-ਉਪਾਸ਼ਕ ਬਣ ਗਿਆ। ਬੁੱਧੂ ਸ਼ਾਹ ਸਢੌਰੇ ਵਾਲੇ ਨੇ ਆਪਣੀ ਸਾਰੀ ਅੰਸ਼ ਬੰਸ ਗੁਰੂ ਦਸਮੇਸ਼ ਜੀ ਦੇ ਸੱਚੇ ਉਪਦੇਸ਼ ਵਿਟਹੁੰ ਕੁਰਬਾਨ ਕਰ ਦਿਤੀ।

ਬਾਈ ਧਾਰ ਦੇ ਸਮੱਗਰ ਹਿੰਦੂ ਰਾਜੇ, ਜੋ ਉਸ ਸਮੇਂ ਦੀ ਰਾਜ-ਗਰਦੀ ਦੇ ਦੁਬੈਲ ਬਣੇ ਹੋਏ ਸਨ, ਗੁਰੂ ਦਸਮੇਸ਼ ਜੀ ਦੇ ਨਜ਼ਰ-ਪਾਤਰ ਨਾ ਹੀ ਬਣੇ। ਨਾ ਹੀ ਉਨ੍ਹਾ (ਪਹਾੜੀ) ਰਾਜਿਆਂ ਨੇ ਗੁਰੂ ਸਾਹਿਬ ਜੀ ਦੇ ਉਪਦੇਸ਼ ਉਦੇਸ਼ ਦੁਆਰਾ ਬੁੱਤ-ਪ੍ਰਸਤੀ ਛੱਡੀ ਅਤੇ ਨਾ ਹੀ ਉਨ੍ਹਾਂ ਨੇ ਮੁਸਲਮਾਨੀ ਰਾਜਿਆਂ ਦਾ ਦੁਬੈਲ-ਪੁਣਾ ਤਿਆਗਿਆ। ਏਥੋਂ ਤਕ ਕਿ ਗੁਰੂ ਦਸਮੇਸ਼ ਜੀ ਦਾ ਸੱਚਾ ਦਰਸਾਇਆ ਧਰਮ ਭੀ ਧਾਰਨੋਂ ਮੁਨਕਰ ਹੋ ਗਏ। ਗੁਰੂ ਦਸਮੇਸ਼ ਸੱਚੇ ਪਾਤਸ਼ਾਹ ਦਾ ਸੱਚਾ ਆਦਰਸ਼ ਪ੍ਰਾਣੀ ਮਾਤ੍ਰ ਨੂੰ ਰਾਹਿ-ਰਾਸਤ ਤੇ ਲਿਆਉਣ ਦਾ ਸੀ। ਬਿਨਾਂ ਜ਼ਾਤ ਪਾਤ ਦੇ ਵਿਤਕਰੇ ਅਤੇ ਦਿਖਾਵੇ ਦੇ ਗੁਰੂ ਸਾਹਿਬ ਨੇ ਅਮਲੀ ਤੌਰ ਪਰ ਕਰ ਕੇ ਦਿਖਾਇਆ; ਪਰੰਤੂ ਜ਼ਾਤ ਅਭਿ-ਮਾਨੀ ਪਹਾੜੀ ਰਾਜਿਆਂ ਨੂੰ ਗੁਰੂ ਦਸਮੇਸ਼ ਜੀ ਦੇ ਸੱਚੇ ਸੁੱਚੇ ਉਪਦੇਸ਼ ਦੀ ਇਹ ਤਾਲੀਮ ਮਨਜ਼ੂਰ ਨਹੀਂ ਸੀ। ਉਹ ਮੰਨਣੋਂ ਮੁਨਹਰਫ਼ (ਮੁਨਕਰ) ਹੋ ਗਏ। ਨਾ ਹੀ ਉਨ੍ਹਾਂ ਨੇ ਰਾਜ-ਗਰਦੀ ਦਾ ਸਾਥ ਤਿਆਗਿਆ ਅਤੇ ਨਾ ਹੀ ਬੁੱਤ-ਪ੍ਰਸਤੀ ਅਤੇ ਮੜ੍ਹੀ-ਪ੍ਰਸਤੀ ਦੀ ਬਿਦਅਤ ਤਿਆਗੀ। ਤਾਂਤੇ ਤਿਨ੍ਹਾਂ ਮੁਨਹਰਫ਼ ਹਿੰਦੂ ਰਾਜਿਆਂ ਨੇ ਆਪਣਾ ਕੀਤਾ ਪਾਇਆ, ਪਾਉਣਾ ਹੀ ਸੀ। ਜੋ ਪੁਰਸ਼ ਗੁਰੂ ਦਸਮੇਸ਼ ਸਾਰਖੇ ਬੇਗਰਜ਼ ਅਤੇ ਪਰ-ਉਪਕਾਰੀ ਵਡ ਪੁਰਖਾਂ ਦਾ ਕਿਹਾ ਨਹੀਂ ਮੰਨਦੇ ਉਨ੍ਹਾਂ ਦੀ ਅਵੱਸ਼ ਇਹੋ ਹਾਲਤ ਹੋਣੀ ਸੀ, ਜੈਸੀ ਕਿ ਪਹਾੜੀ ਰਾਜਿਆਂ ਦੀ ਹੋਈ ਹੈ। ਜੇਸੇ ਕਿ ਸ੍ਰੀ ਦਸਮੇਸ਼ ਜੀ ਜ਼ੁਲਮੀ ਰਾਜ ਸਮਾਜ ਦੇ ਸੱਚੇ ਬੇਖ਼ਕੁਨ (ਉਸਰਈਏ) ਹੋਏ ਐਸਾ ਨਾ ਕੋਈ ਹੋਇਆ ਹੈ ਅਤੇ ਨਾ ਕੋਈ ਹੋਣਾ ਹੈ। ਹਾਦੀਆਂ ਸਿਰ ਹਾਦੀ (ਰਾਹ ਦਸਣ ਵਾਲਾ) ਅਤੇ ਅਵਤਾਰਾਂ ਸਿਰ ਗੁਰੂ ਅਵਤਾਰ ਸ੍ਰੀ ਦਸਮੇਸ਼ ਜੀ ਮਹਾਰਾਜ ਆਪਣੀ ਯਕਤਾਨੀਅਤ ਵਿਚ ਹੋਏ (ਭਾਵ ਆਪਣੀ ਮਿਸਾਲ ਆਪ ਹੀ ਹੋਏ)। ਗੁਰੂ ਦਸਮੇਸ਼ ਜੀ ਨੇ ਆਪਣੇ ਦਰਸਾਏ ਪੰਥ ਉਤੇ ਚੱਲਣਹਾਰੇ ਸਿੰਘ-ਉਪਾਸ਼ਕਾਂ ਨੂੰ ਕੇਵਲ ਇਹ ਭੇਤ ਦਰਸਾਇਆ ਕਿ ਹਰ ਹਾਲਤ ਵਿਚ ਰਾਸਤਗੋਈ (ਸਚਿਆਈ) ਅਤੇ ਹੱਕ-ਸ਼ਨਾਸੀ (ਸੱਚ ਦੀ ਪਛਾਣ) ਉੱਤੇ ਚੱਲਣਾ ਹੈ ਅਤੇ ਕਿਸੇ ਦਾ ਦੁਬੈਲ ਨਹੀਂ ਬਣਨਾ, ਚਾਹੇ ਉਹ ਕਿਤਨਾ ਹੀ ਆਪਣੇ ਆਪ ਨੂੰ ਨਵੀਨ ਅਤੇ ਪ੍ਰਾਚੀਨ ਰਾਜਗਰਦੀ ਦਾ ਨੇਤਾ ਕਿਉਂ ਨਾ ਸਦਾਏ।



www.AKJ.Org

ਸੱਚੇ ਪਾਤਸ਼ਾਹ ਗੁਰੂ ਦਸਮੇਸ਼ ਜੀ ਸਾਹਿਬ ਨੇ ਆਪਣੇ ਜ਼ਫਰਨਾਮੇ ਵਿਚ (ਜੋ ਉਨ੍ਹਾਂ ਨੇ ਔਰੰਗਜ਼ੇਬ ਨੂੰ ਲਿਖ ਕੇ ਭੇਜਿਆ), ਦਰਸਾਏ ਏਸ ਹੁਕਮ ਅਨੁਸਾਰ :–

*ਮਨਮ ਕੁਸ਼ਤਾ-ਅਮ ਕੋਹੀਆਂ ਬੁਤਪ੍ਰਸਤ ॥ ਕਿ ਆਂ ਬੁੱਤ-ਪ੍ਰਸਤੰਦੋ ਮਨ ਬੁਤ-ਸ਼ਿਕੱਸਤ ॥੯੨॥

ਅਮਲੀ ਤੌਰ ਤੇ ਸਰਬੱਤਰ ਪਹਾੜੀ ਰਾਜਿਆਂ ਦੇ ਫ਼ਰੇਬ ਭਰੇ ਮਕਰ ਨੂੰ ਬੇਖ਼ੌਫ ਅਤੇ ਬੇਪਰਵਾਹ ਹੋ ਕੇ ਤਬਾਹ ਕੀਤਾ ਤੇ ਰੰਚਕ ਮਾਤਰ ਭੀ ਕਿਸੇ ਦੀ ਕਾਨ-ਕਣੌਡ ਨਹੀਂ ਰੱਖੀ। ਪਰੰਤੂ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਕੱਲ੍ਹ ਦੇ ਨਵੀਨ ਸਿੱਖ ਨੇਤਾ [ਜੋ ਆਪਣੇ ਆਪ ਨੂੰ ਸ੍ਰੀ ਦਸਮੇਸ਼ ਜੀ ਦੇ ਨਕਸ਼ੇ ਪਾ (ਪੈਰ-ਚਿੰਨ੍ਹਾਂ) ਉਤੇ ਚੱਲਣ ਦਾ ਦਾਅਵਾ ਕਰਦੇ ਹਨ] ਇਕ ਮਾਮੂਲੀ ਜਿਹੇ ਰਾਜ-ਸਾਜ਼ੀ ਪੰਡਤ ਕਹਾਉਣ ਵਾਲੇ ਆਗੂ ਤੋਂ ਡਰਦੇ ਮਾਰੇ ਲਰਜ਼ਸ਼ ਅਤੇ ਕਾਂਪ ਖਾ ਕੇ ਅਜਿਹਾ ਪ੍ਰਗਟ ਕਰਨੋਂ ਭੀ ਨਹੀਂ ਸੰਕੋਚਦੇ ਕਿ ਸਿੱਖ ਕੇਵਲ ਹਿੰਦੂ ਰਾਜ ਦੇ ਹਮਾਇਤੀ ਹਨ ਅਤੇ ਹਿੰਦੂ ਧਰਮ ਦੇ ਰਖਸ਼ਕ ਹਨ। ਹਾਲਾਂਕਿ ਸਿੱਖਾਂ ਦੇ ਸੱਚੇ ਹਾਦੀ ਗੁਰੂ ਦਸਮੇਸ਼ ਜੀ ਸੱਚੇ ਪਾਤਸ਼ਾਹ ਦੀ ਇਹ ਹਦਾਇਤ ਹੈ ਕਿ ਮੇਰਾ ਸੱਚਾ ਸਿੱਖ ਕੇਵਲ ਉਹ ਹੀ ਹੋਵੇਗਾ ਜੋ ਕਿਸੇ ਵੀ ਜਰਵਾਣੇ ਦੀ ਕਾਣ-ਕਣੌਡ ਨਾ ਮੰਨਦਾ ਹੋਇਆ ਸਿਰਫ ਸੱਚੇ ਮਾਰਗ ਤੇ ਹੀ ਚਲੇਗਾ। ਸ੍ਰੀ ਗੁਰੂ ਦਸਮੇਸ਼ ਜੀ ਦਾ ਸਾਜਿਆ ਨਿਵਾਜਿਆ ਸਿੰਘ ਸ੍ਰਜਨ ਜ਼ੁਲਮ ਅਤੇ ਜ਼ਾਲਮ ਦੀ ਜੜ੍ਹ ਉਖਾੜ ਸੁਟਣ ਵਿਚ ਸਭ ਤੋਂ ਮੋਹਰੀ ਹੋਵੇਗਾ। ਉਸ ਨੂੰ ਕਿਸੇ ਵੀ ਪਖੰਡੀ ਧਰਮ ਮਿਲਤ ਦੀ ਕਾਣ-ਕਣੌਡ ਨਹੀਂ ਹੋਵੇਗੀ। ਸ੍ਰੀ ਦਸਮੇਸ਼ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਸ਼ਮੀਰੀ ਮਜ਼ਲੂਮਾਂ ਤੇ ਹੋ ਰਹੇ ਜ਼ੁਲਮ ਦੀ ਸੋਇ ਨਾ ਸਹਾਰ ਕੇ ਅਦੁੱਤੀ ਕੁਰਬਾਨੀ ਕੀਤੀ, ਨਾ ਕਿ ਹਿੰਦੂ ਧਰਮ ਦੀ ਰਖਸ਼ਾ ਮਈ ਪ੍ਰਪਾਟੀ ਚਲਾਈ। ਗੁਰੂ ਦਸਮੇਸ਼ ਪਾਤਸ਼ਾਹ ਜੀ ਨੇ ਸੱਚ ਮੁੱਚ ਇਸ ਆਪਣੇ ਫ਼ੁਰਮਾਨ ਨੂੰ ਅਮਲੀ ਜਾਮਾ ਪਹਿਨਾਇਆ ਅਤੇ ਤਿਆਰ ਬਰਤਿਆਰ ਖ਼ਾਲਸੇ ਨੂੰ ਦ੍ਰਿੜ੍ਹਾਇਆ ਕਿ :–

ਜਬ ਲਗ ਖ਼ਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪ੍ਰਤੀਤ ॥ ਸਰਬਲੋਹ ਗ੍ਰੰਥ

ਇਹ ਕੇਵਲ ਬੇਦੀਨੇ, ਈਨ ਹੀਣੇ, ਖ਼ੁਸ਼ਾਮਦੀ, ਸ਼ੁਹਰਤ-ਪ੍ਰਸਤ, ਆਪੋਂ ਬਣ ਬੈਠੇ ਸਿੱਖ ਧਰਮ ਦੇ ਆਗੂਆਂ ਦਾ ਹੀ ਵਤੀਰਾ ਹੈ ਕਿ ਇੱਕ ਅਨਮਤੀ ਬਿਪਰ ਦੀ ਚਾਰ-ਦਿਵਸੀ ਰਾਜ-ਸਾਜ-ਘੜਤਨੀ-ਬਿਔਂਤ ਤੋਂ ਡਰਦੇ ਮਾਰੇ ਆਪਣੇ ਆਪ ਨੂੰ ਹਿੰਦੂ ਧਰਮ ਦਾ ਰਖਸ਼ਕ ਗਰਦਾਨੀ ਫਿਰਦੇ ਹਨ। ਗੁਰੂ ਦਸਮੇਸ਼ ਪਾਤਸ਼ਾਹ ਨੇ ਆਪਣੇ ਸੱਚੇ ਅਤੇ ਸੁੱਚੇ ਉਪਦੇਸ਼ ਉਦੇਸ਼ ਅਨੁਸਾਰ ਗੁਰਸਿਖਾਂ ਪ੍ਰਤੀ ਇਹ ਸੱਬਕ ਸਿਖਾਇਆ ਕਿ ਕਿਸੇ ਮਲਨ ਅਤੇ ਮਲੀਨ ਬੁੱਧੀ ਵਾਲੇ ਆਗੂ ਦੀ ਈਨ ਨਹੀਂ ਮੰਨਣੀ, ਚਾਹੇ ਉਹ ਆਪਣੇ ਆਪ ਨੂੰ ਕਿਤਨਾ ਹੀ ਵਡ-ਵਡੇਰੂ ਕਹਾਉਂਦਾ ਫਿਰੇ। ਬੇਧੜਕ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਨੇ ਨਾ ਹੀ ਤਅੱਸਬ-ਗ੍ਰਸੇ ਤੁਰਕ (ਸੰਸਾਰੀ) ਬਾਦਸ਼ਾਹਾਂ ਦੀ ਈਨ ਮੰਨੀ ਅਤੇ ਨਾ ਹੀ ਹਿੰਦੂ ਰਾਜਿਆਂ ਦਾ ਹਿੰਦੂ-ਪਨ ਮਿਲਗੋਭਾ ਸਹਾਰਿਆ। ਬਲਕਿ ਜਿਥੇ ਸ੍ਰੀ ਦਸਮੇਸ਼ ਜੀ ਨੇ ਤੁਰਕਾਂ ਨੂੰ ਤੁਰਕੀ-ਬ-ਤੁਰਕੀ ਵੰਗਾਰ ਕੇ ਮਾਰ ਪਛਾੜਿਆ, ਤਿਥੇ ਹਿੰਦੂ ਰਾਜਿਆਂ ਨੂੰ ਭੀ ਸੱਚੀ ਸੁੱਚੀ ਨਸੀਹਤ ਦੇ ਕੇ ਇਹੋ ਸਮਾਲੋਚਨਾ ਕੀਤੀ ਕਿ ਕਰਮ ਧਰਮ ਉੱਤੇ ਚਲਣ ਦੇ ਆਦੀ ਬਣਨ, ਨਹੀਂ ਤਾਂ ਮੂੰਹ ਦੀ ਖਾਣਗੇ। ਬਦ-ਨਸੀਬ ਹਿੰਦੂ ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਦੀ ਇਹ ਨਸੀਹਤ ਮਨਜ਼ੂਰ ਨਹੀਂ ਸੀ, ਉਨ੍ਹਾਂ ਨੇ ਮੂੰਹ ਦੀ ਖਾਧੀ ਅਤੇ ਆਪਣਾ ਕੀਤਾ ਆਪ ਪਾਇਆ। ਗੁਰੂ ਦਸਮੇਸ਼ ਜੀ ਸੱਚੇ ਅਵਤਾਰ ਗੁਰੂ ਨੇ, ਸੱਚਮੁੱਚ ਆਪਣੇ ਏਸ ਅਗਲੇਰੇ ਉਪਦੇਸ਼ ਨੂੰ ਅਮਲੀ ਜਾਮਾ ਪਹਿਨਾਇਆ। ਯਥਾ ਗੁਰੂ ਦਸਮੇਸ਼ ਵਾਕ :–

ਕਹਿਓ ਪ੍ਰਭੂ ਸੁ ਭਾਖਿ ਹੋਂ॥ ਕਿਸੂ ਨ ਕਾਨ ਰਾਖਿ ਹੋਂ॥ ਕਿਸੂ ਨ ਭੇਖ ਭੀਜ ਹੋਂ ॥ ਅਲੇਖ ਬੀਜ ਬੀਜ ਹੋਂ॥੩੪॥
ਪਖਾਣ ਪੂਜ ਹੋਂ ਨਹੀਂ ॥ ਨ ਭੇਖ ਭੀਜ ਹੋਂ ਕਹੀਂ ॥ ਅਨੰਤ ਨਾਮ ਗਾਇ ਹੋਂ ॥ ਪਰਮ ਪੁਰਖ ਪਾਇ ਹੋਂ ॥੩੫॥

'ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ] [ਬਚਿੱਤ੍ਰ ਨਾਟਕ, ਅਧਿਆਇ ੬

*ਮੈਂ ਬੁੱਤ-ਪੂਜ ਪਹਾੜੀਆਂ ਦਾ ਨਾਸ਼ ਕਰਨ ਵਾਲਾ ਹਾਂ, ਕਿਉਂਕਿ ਉਹ ਬੁੱਤ-ਪ੍ਰਸਤ ਹਨ, ਤੇ ਮੈਂ ਬੁੱਤ-ਤੋੜਨ ਵਾਲਾ।



www.AKJ.Org

# ਖ਼ਾਲਸਈ ਹਲੇਮੀ ਰਾਜ ਹੋ ਕੇ ਰਹੇਗਾ

## ਸਤਿਗੁਰ ਕਲਗੀਧਰ ਜ਼ਾਹਰ ਜ਼ਹੂਰ ਤੇ ਹਾਜ਼ਰ ਨਾਜ਼ਰ ਹਨ

[ਵਲੋਂ— ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥੧੩॥ ਪੰਨਾ ੭੫੯

ਇਸ ਉਪਰਲੇ ਗੁਰਵਾਕ ਅਨੁਸਾਰ ਜਗਤ ਗੁਰੂ ਸ੍ਰੀ ਗੁਰੂ ਨਾਨਕ ਕਲਗੀਧਰ ਪਾਤਸ਼ਾਹ ਦਸਮੇਸ਼ ਗੁਰੂ ਸਦਾ ਸਦਾ ਹਾਜ਼ਰ ਹਜ਼ੂਰ ਜ਼ਾਹਰ ਜ਼ਹੂਰ ਸਭ ਮੇਂ ਭਰਪੂਰ ਸਾਖਸ਼ਾਤ ਨੂਰੋ ਨੂਰ ਹੈ। ਉਹ ਸਦਾ ਹਾਜ਼ਰ ਨਾਜ਼ਰ ਹੈ ਤੇ ਆਵਣ ਜਾਣ ਦੀ ਕੈਦ ਤੋਂ ਸਦਾ ਬਾਹਰ ਹੈ। "ਏਕਹਿ ਆਵਨ ਫਿਰਿ ਜੋਨਿ ਨ ਆਇਆ" ਦੇ ਵਾਕ ਅਨੁਸਾਰ ਕੇਵਲ ਇਕ ਵਾਰ ਸਤਿਗੁਰੂ ਸੰਸਾਰ ਵਿਖੇ ਮਨੁੱਖ-ਜਾਮੇ ਵਿੱਚ ਅਵਤਾਰ ਧਾਰ ਕੇ ਆਇਆ ਤਾਂ ਕੇਵਲ "ਜੀਅ ਦਾਨੁ ਦੇ ਭਗਤੀ ਲਾਇਨਿ" ਨਮਿੱਤ ਸੱਚਾ ਪਰਉਪਕਾਰੀ ਬਣ ਕੇ ਆਇਆ। ਬਾਹੁੜ ਏਸ ਤਰ੍ਹਾਂ ਦੀ ਆਵਣ ਦੀ ਉਸ ਨੂੰ ਲੋੜ ਨਹੀਂ ਰਹੀ। ਜੋਤੀ ਜੋਤਿ ਸਮਾਇ ਕੇ ਉਹ ਅਬਿਨਾਸ਼ੀ ਪੁਰਖ ਹੀ ਰਿਹਾ। ਸਭ ਵਿਚ ਸਮਾਇ ਰਿਹਾ ਅਬਿਨਾਸ਼ੀ ਪੁਰਖ ਹੈ। ਸਦਾ ਹਾਜ਼ਰ ਨਾਜ਼ਰ ਅਬਿਨਾਸ਼ੀ ਪੁਰਖ ਹੈ। ਜੋਤਿ-ਜਾਮੇ ਵਿੱਚ ਪ੍ਰਗਟ ਹੋਇਆ ਅਨਿੰਨ ਸ਼ਰਧਾਲੂ ਗੁਰਮੁਖ ਜਨਾਂ ਨੂੰ ਦਿੱਬ ਦਰਸ਼ਨ ਦਿਖਾਇ ਕੇ ਨਿਹਾਲ ਨਿਹਾਲ ਕਰਨਹਾਰਾ ਹੈ। ਉਸ ਨੂੰ ਬਾਹੁੜ ਮਨੁੱਖ ਜਾਮਾ ਧਾਰਨ ਦੀ ਲੋੜ ਨਹੀਂ। ਮਨੁੱਖ ਜਾਮੇ ਵਿਚ ਮੁੜ ਅਵਤਾਰ ਧਾਰਨ ਦੀ ਲੋੜ ਨਹੀਂ। ਜਦੋਂ ਜਦੋਂ ਅਵਸਰ ਬਣਿਆ ਤਦੋਂ ਤਦੋਂ ਅਨਿੰਨ ਸ਼ਰਧਾਲੂ ਅਭਿਆਸੀ ਜਨਾਂ ਨੂੰ ਤਿਨ੍ਹਾਂ ਦੇ ਹਿਰਦਿਆਂ ਅਦਰ ਪ੍ਰਚੰਡ ਜੋਤਿ ਮਈ ਅਵਤਾਰ ਧਾਰ ਕੇ ਦਰਸ ਦਿਖਾਂਵਦਾ ਤੇ ਕਲਾ ਵਰਤਾਵਦਾ ਆਇਆ ਹੈ।

ਜੋਤੀ ਜੋਤਿ ਸਮਾਉਣ ਦੇ ਸਮੇਂ ਤੋਂ ਹੀ ਸਦਾ ਸਦਾ ਪਰਤੱਖ ਦੀਦਾਰ ਜਲਵੇ ਆਪਣੇ ਜਾਗਤ ਜੋਤਿ ਜਪਣਹਾਰ ਖਾਲਸ ਗੁਰਮੁਖ ਜਨਾਂ ਨੂੰ ਦਿਖਾਉਂਦਾ ਆਇਆ ਹੈ ਅਤੇ ਦਿਖਾਉਂਦਾ ਰਹੇਗਾ। ਮੁੜ ਮਨੁੱਖ ਜਾਮੇ ਅਵਤਾਰ ਧਾਰਨ ਦਾ, ਗੁਰੂ ਅਵਤਾਰ ਧਾਰਨ ਦਾ ਸਿਲਸਿਲਾ ਹੀ ਸ੍ਰੀ ਦਸਮੇਸ਼ ਜੀ ਨੇ ਮੁਕਾ ਦਿੱਤਾ। ਭੂਤ ਭਵਿੱਖ ਦੇ ਦਾਨੀ ਅੰਤਰਜਾਮੀ ਸ੍ਰੀ ਗੁਰੂ ਕਲਗੀਧਰ ਸਾਹਿਬ ਨੇ ਇਹ ਵਿਚਾਰ, ਕਿ ਕਲਜੁਗ ਵਿਖੇ ਅੱਗੇ ਨੂੰ "ਘਰ ਘਰ ਹੋਇ ਬੈਠ ਹੈਂ ਰਾਮਾ॥ ਜਾਂ ਤੇ ਸਰੇ ਨ ਕੋਊ ਕਾਮਾ"* ਵਾਲਾ ਵਰਤਾਰਾ ਜ਼ਰੂਰ ਵਰਤੇਗਾ, ਇਹ ਸਾਰਾ ਗੁਰੂ ਡੰਮ੍ਹ ਵਾਲਾ ਫਸਤਾ ਹੀ ਵਢ ਦਿੱਤਾ।

ਕਈ ਅਜਾਣ ਸਿੱਖ ਸੱਜਣ ਗੁਰੂ ਸਾਹਿਬ ਦੇ ਏਸ ਅਭਿੱਪਰੇ ਤੋਂ ਅਨਜਾਣ ਹੋਣ ਕਰਕੇ ਇਹ ਕਹਿੰਦੇ ਸੁਣੀਦੇ ਹਨ ਕਿ ਗੁਰੂ ਦਸਮ ਪਾਤਸ਼ਾਹ ਫੇਰ ਦੇਹ ਧਾਰ ਕੇ ਆਉਣਗੇ। ਇਹ ਸੁਣ ਕੇ ਅਫ਼ਸੋਸ ਹੁੰਦਾ ਹੈ ਕਿ ਸ੍ਰੀ ਗੁਰੂ ਦਸਮ ਪਾਤਸ਼ਾਹ ਨੇ ਜਿਤਨਾ ਸਾਨੂੰ ਦੇਹ-ਧਾਰੀ ਗੁਰੂ ਦੀ ਮਨੌਤ ਤੋਂ ਵਰਜਿਆ ਹੈ ਤੇ ਇਸ ਖ਼ਿਆਲ ਤੋਂ ਰੋਕਿਆ ਹੈ, ਉਤਨੀ ਹੀ ਇੱਲਤ ਵਾਲੀ ਬੀਮਾਰੀ ਸਾਡੇ ਵਿਚ ਦਿਨੋ ਦਿਨ ਜ਼ੋਰ ਨਾਲ ਵਧ ਰਹੀ ਹੈ ਅਤੇ ਆਏ ਦਿਨ ਇਹ ਸੁਣੀਦਾ ਹੈ ਕਿ ਅਮਕੇ ਦੇਹਧਾਰੀ ਗੁਰੂ ਨੇ ਫਲਾਣੀ ਥਾਂ ਅਵਤਾਰ ਧਾਰਿਆ ਹੈ ਤੇ ਫਲਾਣੇ ਸਮੇਂ ਗੁਰੂ ਸਾਹਿਬ ਦੇਹ ਧਾਰਨਗੇ, ਅਥਵਾ ਫਲਾਣਾ ਸਤ ਮਹਾਤਮਾ ਫਲਾਣੇ ਗੁਰੂ ਸਾਹਿਬ ਦਾ ਅਵਤਾਰ ਹੈ।

ਇਸ ਤਰ੍ਹਾਂ ਦੀਆਂ ਕੱਚ-ਘਰੜ ਖ਼ਿਆਲਾਂ ਵਾਲੀਆ ਗੱਲਾਂ ਗੁਰਮਤਿ ਤੋਂ ਵਿਰੁੱਧ ਤੇ ਸ੍ਰੀ ਦਸਮੇਸ਼ ਜੀ ਦੇ ਆਸ਼ੇ ਤੋਂ ਉਲਟ ਹਨ। ਪਰ ਇਸ ਤਰ੍ਹਾਂ ਦੀਆਂ ਗੱਲਾਂ ਉਪਜਦੀਆਂ ਉਨ੍ਹਾਂ ਨੂੰ ਹੀ ਹਨ ਜੋ ਗੁਰਮਤਿ ਨਾਮ ਅਭਿਆਸ ਕਮਾਈ ਤੋਂ ਸੱਖਣੇ ਮਨਮੁਖੀਏ ਹਨ।

ਜਿਨ੍ਹਾਂ ਗੁਰਸਿੱਖਾ ਦੇ ਘਟਾਂ ਅੰਦਰ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਗੁਰੂ ਜੋਤਿ ਦੇ ਪਰਤੱਖ ਪ੍ਰਕਾਸ਼ ਦੀ ਜ਼ਾਹਰ ਤੇ ਪਾਰਸ-ਕਲਾ ਪਰਤੱਖ ਵਰਤੀ ਹੈ, ਤਿਨ੍ਹਾਂ ਨੂੰ ਗੁਰੂ ਹਰਦਮ ਹਾਜ਼ਰ ਨਾਜ਼ਰ ਦਿਸਦਾ

*ਕਲਕੀ ਅਵਤਾਰ, ੧੨-੩.



www.AKJ.Org

ਹੈ। ਹਾਂ, ਘਟ ਵਧ ਅਭਿਆਸ ਕਮ ਈ ਅਨੁਸਾਰ ਕਿਤੇ ਲੁਕਣਮੀਟੀ ਜੋਤਿ-ਜਲਵੇ ਦਿਖਾਉਂਦਾ ਹੈ, ਕਿਤੇ ਸਦ-ਵਿਗਾਸੀ-ਦਰਸ਼ਨਾਂ ਦਾ ਮੀਂਹ ਵਰਸਉਂਦਾ ਹੈ। ਹਰ ਹਾਲਤ ਵਿਚ ਸ਼ਰਧਾਵਾਨ ਜੋਤਿ-ਵਿਗਾਸੀ-ਗੁਰਸਿੱਖਾਂ ਤਾਈਂ ਇਹ ਘਾਟਾ ਕਦੇ ਪ੍ਰਤੀਤ ਹੁੰਦਾ ਹੀ ਨਹੀਂ ਕਿ ਸਤਿਗੁਰੂ ਹਾਜ਼ਰ ਨਹੀਂ, ਜਾਂ ਹੈ ਨਹੀਂ। ਉਹ ਤਾਂ ਸਦਾ ਸਦਾ "ਸਤਿਗੁਰੁ ਮੇਰਾ ਸਦਾ ਸਦਾ" ਤਿਨ੍ਹਾਂ ਦੇ ਦਿੱਬ-ਦਰਸੀ-ਆਤਮ-ਨੈਣਾਂ ਨੂੰ ਨਜ਼ਰੀਂ ਆਉਂਦਾ ਹੈ। ਇੱਥੇ ਤਾਂ ਉਹ ਨਾਮ ਅਭਿਆਸੀ ਗੁਰਮੁਖ ਜਨ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ।

ਨਾਮ ਅਭਿਆਸ ਦੇ ਘਾਟੇ ਵਾਲਿਆਂ ਨੂੰ ਇਹ ਚੜ੍ਹਦੀ ਕਲਾ ਕਿਥੋਂ ? ਉਹ ਤਾਂ ਘਟੀਆ ਖ਼ਿਆਲਾਂ ਦੀ ਨਿੱਘਰਦੀ ਕਲਾ ਵਿਚ ਹੀ ਸੜੀਅਲ ਜਨਮ ਬਿਤਾਉਂਦੇ ਹਨ। ਕਦੇ ਕਿਸੇ ਦਾ ਆਸਰਾ ਤੇ ਕਦੇ ਕਿਸੇ ਦੀ ਓਟ ਤਕਾਉਂਦੇ ਹਨ। ਪਰ ਆਪਣੇ ਨਿੱਜ ਅਸਲੇ ਵਲ ਨਹੀਂ ਆਉਂਦੇ।

ਸਭ ਤੋਂ ਬਹੁਤੀ ਨਿਰਾਸਤਾ ਵਾਲੀ ਗੱਲ ਹੈ ਤਾਂ ਇਹ ਕਿ ਸਦਾ ਆਪਣੇ ਖਾਲਸੇ ਨੂੰ ਪ੍ਰਚੰਡ ਕਲਾ ਜਾਗਦੀ ਜੋਤਿ ਦੇ ਚੜ੍ਹਦੇ ਰੰਗ ਵਿਚ ਰੱਖਣ ਵਾਲੇ ਸ੍ਰੀ ਦਸਮੇਸ਼ ਜੀ ਦੇ ਅਖਾਉਤੀ ਸਿੱਖ ਆਪਣੇ ਉੱਚ ਖਾਲਸਈ ਆਦਰਸ਼ਾਂ ਤੋਂ ਗੁਮਰਾਹ ਹੋ ਕੇ ਬੁੱਤ-ਪ੍ਰਸਤ ਮੱਤ-ਮਤਾਂਤ੍ਰ ਆਨਮਤੀ ਆਗੂਆਂ ਦੇ ਪੈਰੋਕਾਰ ਬਣਦੇ ਚਲੇ ਜਾ ਰਹੇ ਹਨ। ਜਿਸ ਦਾ ਸਿੱਟਾ ਇਹ ਹੋ ਰਿਹਾ ਹੈ ਕਿ ਸਤਿਗੁਰੂ ਦਸਮੇਸ਼ ਜੀ ਦਾ ਤੇਜ ਗੁਆ ਰਹੇ ਹਨ। ਬੜੇ ਤੋਂ ਬੜੇ ਪ੍ਰਸਿਧ ਆਗੂ ਕਹਾਉਣ ਵਾਲੇ ਵੀ ਅਸਲ ਅਸੂਲਾਂ ਉੱਤੇ ਦ੍ਰਿੜ੍ਹ ਨਹੀਂ ਰਹਿੰਦੇ। ਓਹਨਾਂ ਦਾ ਕੋਈ ਅਸੂਲ ਹੀ ਨਹੀਂ। ਇਕ ਅਸੂਲ ਨੂੰ ਬਣਾਉਂਦੇ ਹਨ ਤੇ ਇੱਕ ਅਸੂਲ ਨੂੰ ਢਾਹੁੰਦੇ ਹਨ। "ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ" ਦੀਆਂ ਬੜ੍ਹਕਾਂ ਮਾਰਨ ਵਾਲੇ ਤੇ "ਪੰਥ ਕੀ ਜੀਤ" ਮਈ ਖਾਲਸਾ ਪੰਥ ਦੀ ਅੱਡਰੀ ਹਸਤੀ ਦੀਆਂ ਟਾਹਰਾਂ ਛੱਡਣ ਵਾਲੇ ਵੀ ਅੱਜ ਹਾਰੇ ਹੋਏ ਪਾਲੇਟੀਸ਼ਨਰਾਂ (ਨੀਤੀਵਾਨਾਂ) ਤੇ ਕਮਜ਼ੋਰ ਮੰਗਤਿਆਂ ਵਾਂਗ "ਪੰਜਾਬੀ ਸੂਬੇ" ਦੀਆਂ ਮੰਗਾਂ ਮੰਗ ਰਹੇ ਹਨ। ਉਨ੍ਹਾਂ ਅੱਵਲ-ਪੰਥੀਆਂ ਦੀ ਨਿਰੋਲ ਪੰਥਕ ਨਿਰੋਲਤਾ ਜਨਾਉਣ ਵਾਲੀ ਟਾਹਰ ਕਿੱਥੇ ਗਈ ? ਉਨ੍ਹਾਂ ਨੂੰ ਖ਼ਾਲਸਈ ਨਾਹਰਿਆਂ ਪਰ ਵਿਸ਼ਵਾਸ ਨਹੀਂ ਰਿਹਾ। "ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ" ਵਾਲੇ ਸ੍ਰੀ ਮੁਖਵਾਕ ਪਰ ਭਰੋਸਾ ਨਹੀਂ ਰਿਹਾ। ਉਹ ਆਨਮਤੀ ਹਿੰਦੂਆਂ ਦੀ ਹਮਾਇਤ ਲੈਣ ਨੂੰ ਬੜਾ ਫ਼ਖ਼ਰ ਸਮਝਦੇ ਹਨ। ਉਹ ਹੁਣ ਫੇਰ ਮਿਲਗੋਭਾ ਹੋ ਕੇ ਮਲੀਆਮੇਟ ਹੋਣ ਉੱਪਰ ਲੱਕ ਬੰਨ੍ਹੀਂ ਖਲੋਤੇ ਹਨ ਤੇ ਏਸ ਗੁਰਮਤਿ-ਹੀਣੀ-ਗੱਲ ਨੂੰ ਜਤਾਉਣਾ ਬੜੀ ਬੀਰਤਾ ਭਰੀ ਸਿਆਣਪ ਸਮਝਦੇ ਹਨ ਕਿ ਸਿੱਖ ਹਿੰਦੂਆਂ ਵਿਚੋਂ ਹੀ ਨਿਕਲੇ ਹਨ। ਉਨ੍ਹਾਂ ਨੂੰ ਏਸ ਗੱਲ ਦੇ ਹਾਮੀ ਹੋਣ ਵਿਚ ਰੰਚਕ ਲੱਜਿਆ ਨਹੀਂ ਆਉਂਦੀ। ਉਨ੍ਹਾਂ ਨੂੰ ਏਸ ਗੱਲ ਦੀ ਪ੍ਰਤੀਤ ਹੀ ਨਹੀਂ ਆਉਂਦੀ ਕਿ ਖਾਲਸਾ ਕੌਮ ਦੀ ਸਿੱਖ ਜਨਤਾ ਗੁਰੂ ਨਾਨਕ ਸਾਹਿਬ ਦੀ ਕੁੱਖ ਵਿੱਚੋਂ ਹੀ ਨਿਕਲੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੋਦ ਵਿਚ ਪਲੀ ਹੈ। ਤਿਨ੍ਹਾਂ ਨੂੰ "ਸਿਰ ਊਪਰਿ ਠਾਢਾ ਗੁਰੁ ਸੂਰਾ"* ਨਜ਼ਰ ਹੀ ਨਹੀਂ ਆਉਂਦਾ। ਤਿਨ੍ਹਾਂ ਦੇ ਕਾਰਜ ਕਿਥੋਂ ਤੇ ਕਦੋਂ ਪੂਰੇ ਹੋਣੇ ਹਨ ਤੇ ਕਿਵੇਂ ਪੂਰੇ ਹੋਣੇ ਹਨ ?

ਸਤਿਗੁਰ ਤਿਨ੍ਹਾਂ ਦਾ ਹੀ ਸਹਾਈ ਹੁੰਦਾ ਹੈ, ਜੋ ਸਤਿਗੁਰੂ ਸੂਰਮੇ ਨੂੰ ਸਦਾ ਸੀਸ ਉੱਤੇ ਕਾਇਮ ਦਾਇਮ ਜਾਣਦੇ ਹਨ ਤਿਨ੍ਹਾਂ ਚੜ੍ਹਦੀ ਕਲਾ ਵਾਲਿਆਂ ਸਿੰਘਾਂ ਸੂਰਮਿਆਂ ਦੇ ਸੀਸਾਂ ਉੱਤੇ ਛਿਆਨਵੇਂ ਕਰੋੜ ਗੁਰੂ ਕੀਆਂ ਗੁਪਤ ਸ਼ਹੀਦੀ ਫ਼ੌਜਾਂ ਸਾਵਧਾਨ ਹੋ ਕੇ ਸਦਾ ਪਹਿਰਾ ਦਿੰਦੀਆਂ ਹਨ। ਅਜਿਹੇ ਸੂਰਮੇ ਸਿੰਘਾਂ ਦੇ ਆਤਮੇ ਅੰਦਰ ਹੀ ਗੁਰੂ ਕੀ ਸੂਰਮਤਾ ਕਲਾ ਵਰਤਦੀ ਹੈ। ਅਜਿਹੇ ਕਲਾਧਾਰੀ ਸੂਰਮੇ ਸਿੰਘਾਂ ਅੰਦਰ ਗੁਰੂ ਨੇ ਆਪ ਵਰਤਣਾ ਹੈ। ਜਦੋਂ ਨੇੜੇ ਤੇੜੇ ਇਹ ਸਮਾਂ ਢੁੱਕ ਆਇਆ ਤੇ ਖਾਲਸਾ ਕੌਮ ਅੰਦਰ ਏਸ ਜ਼ਾਹਰੀ ਕਲਾ ਦਾ ਪਰਤੱਖ ਜ਼ਹੂਰ ਵਰਤ ਗਿਆ, ਉਸ ਛਿਨ ਅੰਦਰ ਤਤਕਾਲ ਹੀ ਖਾਲਸਈ ਹਲੇਮੀ ਰਾਜ ਹੋ ਜਾਏਗਾ, ਜ਼ਰੂਰ ਹੋਏਗਾ, ਹੋ ਕੇ ਰਹੇਗਾ। ਸਤਿਗੁਰੂ ਦਸਮੇਸ਼ ਜੀ ਦੀ ਜ਼ਾਹਰ ਕਲਾ ਵਰਤੇਗੀ। ਉਸ ਦਾ ਜ਼ਹੂਰ ਘਟ ਘਟ ਅੰਦਰ ਵਰਤੇਗਾ। ਇਉਂ ਗੁਰੂ ਅਵਤਾਰ ਧਾਰਨ ਦੇ ਤੱਤ ਆਦਰਸ਼ੀ ਅਰਥ ਜ਼ਹੂਰ ਪਜ਼ੀਰ ਹੋਣਗੇ।

*ਗਉੜੀ ਸੁਖਮਨੀ ਮ: ੫, ॥੭॥ (੨੨) ਪੰਨਾ ੨੯੩

["ਗੁਰਮਤਿ ਪ੍ਰਕਾਸ਼" ਪੁਸਤਕ ਵਿਚੋਂ



www.AKJ.Org

# ਦਰਸ਼ਨ ਨਜ਼ਾਰਾ ਤੇਰਾ

[ਗੁਰਪੁਰਵਾਸੀ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ]

ਮੈਂ ਝਲ ਨ ਸਕਾਂ ਦੇਖਿ ਦਿਦਾਰਾ ਦਰਸ-ਨਜ਼ਾਰਾ ਤੇਰਾ ।
ਦਰਸ ਝਲਕ ਦੀ ਝਾਤੀ ਪਾ, ਮਨ ਝੱਲਾ ਹੋਇਆ ਮੇਰਾ ॥੧॥

ਦਰਸ਼ਨ-ਝਲਕਾਂ ਝੱਲ ਨ ਹੋਵਨਿ, ਛਿੜੀਆਂ ਤਨ ਝਰਨਾਟਾਂ ।
ਦਰਸ ਪਰਸਿ ਘਟ ਅੰਤਰਿ ਜਗੀਆਂ ਜੋਤਿ ਜਗਮਗੀ ਲਾਟਾਂ ॥੨॥

ਸਿੱਕ ਦਰਸ ਦੀ ਵਧੇ ਵਧੇਰੀ, ਜਿਉਂ ਜਿਉਂ ਦਰਸ਼ਨ ਪਾਵਾਂ ।
ਪਿਖਿ ਪਿਖਿ ਦਰਸ਼ਨ ਰੱਜ ਨ ਆਵੇ, ਦਰਸ਼ਨ-ਤਾੜੀ ਲਾਵਾਂ ॥੩॥

ਜਿਉਂ ਜਿਉਂ ਦਰਸ਼ਨ ਪਾਵਾਂ, ਦਰਸ਼ਨ-ਖੀਵਾ ਹੋਇ ਰਹਾਵਾਂ ।
ਦਰਸ਼ਨ ਅਮਲ ਚੜ੍ਹੇ ਅਤਿ ਗੂੜ੍ਹੇ, ਲੋਚਨ ਤਾਰ ਲਗਾਵਾਂ ॥੪॥

ਇਕ-ਟਕ ਲੋਚਨ ਤਾਰ ਲਗੀ, ਲਿਵ ਦਰਸ ਅਮੀ ਤ੍ਰਿਪਤਾਵਾਂ ।
ਲੋਇਨ ਤ੍ਰਿਪਤ ਅਮੀ ਲਿਵ ਦਰਸ਼ਨ, ਸਸਿ ਵਿਗਾਸਿ ਬਿਸਮਾਵਾਂ ॥੫॥

ਬਿਸਮਨ ਬਿਸਮਾਂ ਲਿਵ ਤ੍ਰਿਪਤਿਸਵਾਂ, ਸਗਲੀ ਡੰਝ ਮਿਟਾਵਾਂ ।
ਘਟ ਘਟ ਅੰਤਰਿ ਨਾਭ ਨਭੰਤਰਿ, ਜੋਤਿ ਜਲਵ ਦ੍ਰਿਸ਼ਟਾਵਾਂ ॥੬॥

ਜਲਵੇਸ਼ ਗੁਰੂ ਮੁਖ ਜਲਵੇ ਮਾਰੇ, ਨਖ ਸਿਖ ਨੂਰ ਵਰੱਸੇ ।
ਨੂਰ ਕ੍ਰਾਂਤੀਆ ਨੂਰੀ ਬੁੱਕਾ ਦਿਬ ਮੂਰਤਿ ਹੋਇ ਲੱਸੇ ॥੭॥

ਦਿੱਬ ਮੂਰਤੀ ਜਲਵ ਜਲਾਲੀ, ਜੋਤਿ ਜਮਾਲੀ ਤੇਰੀ ।
ਲਖਿ ਲਖਿ ਸੋਭਾ ਲਲਤ ਲਲਾਟੀ, ਚਕਤ ਭਈ ਗਤਿ ਮੇਰੀ ॥੮॥

ਛਬਿ ਲੀਲ੍ਹਾ ਮੂੰ ਲਾਲਨ ਕੇਰੀ, ਸਦ ਨਵ ਤਨ ਮਨ-ਰੰਗੀ ।
ਕਰੇ ਅਨੰਦ ਅਨੰਦੀ ਮੇਰਾ, ਰਚਿ ਰਚਿ ਚੋਜ ਤਰੰਗੀ ॥੯॥

ਚੋਜ-ਤਰੰਗੀ ਰੰਗ ਰਚਾਵੇ, ਰਸਿ ਰਸਿ ਝਾਲ ਝਲਾਵੇ ।
ਆਪੇ ਰਸੀਆ ਆਪਿ ਰੀਸਾਲੂ, ਆਪੇ ਰਾਵਲ ਰਾਵੇ ॥੧੦॥

ਆਪੇ ਰਸਿ ਰਸਿ ਰਾਵੇ ਆਪੇ ਆਤਮ-ਭੋਗ ਰਚਾਵੇ ।
ਰਸਕਿ ਰਸਕਿ ਰਸ ਜੋਤਿ ਜਗਾਵੇ, ਆਪੇ ਬਿਸਮ ਕਰਾਵੇ ॥੧੧॥

ਬਿਸਮ ਕਰਾਇਆ ਸਾਈਆਂ ਆਪੇ ਲਾਈਆਂ ਦਰਸ਼ਨ ਝੜੀਆਂ ।
ਪਾਰਸ ਦਰਸ ਪਰਸਿ ਮੂ ਮਸਤਕਿ ਗਜ ਗਜ ਲਾਲੀਆਂ ਚੜ੍ਹੀਆਂ ॥੧੨॥

ਸਿਫਤਿ ਕਰਾਂ ਕੀ ਨਾਮ ਧਰਾਂ ਰਿਦਿ ਪਿਖਿ ਜਲਵਾ ਬਿਸਮੇਸ਼ੀ ।
ਬਿਸਮੇਸ਼ ਗੁਰੂ, ਜਲਵੇਸ਼ ਗੁਰੂ, ਦਸਮੇਸ਼ ਗੁਰੂ, ਕਲਗੇਸ਼ੀ ॥੧੩॥

"ਦਰਸ਼ਨ ਝਲਕਾਂ" ਪੁਸਤਕ ਵਿਚੋਂ ] [ਪੋਹ ਸੁਦੀ ਸਪਤਮੀ ੨੪-੧੨-੩੩


www.AKJ.org

ਪੂਰਨ ਸ਼ਖ਼ਸੀਅਤ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ, ਜ਼ਿਲਾ ਗੁੜਗਾਉਂ]

ਅੰਗ੍ਰੇਜ਼ ਸਕਾਲਰ 'ਕਨਿੰਘਮ' ਨੇ ਸੱਚ ਆਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਕਾਰਨਾਮਿਆਂ ਨੂੰ ਘੋਖਣ, ਵਾਚਣ ਅਤੇ ਸਮਝਣ ਲਈ ਬੁੱਧੀ ਨੂੰ ਇਕ ਤੇਜ਼ ਰਫ਼ਤਾਰ ਘੋੜੇ ਵਾਂਗ ਦੌੜਨਾ ਪਵੇਗਾ।

ਇਸ ਸਚਾਈ ਨੂੰ ਅਖੋਂ ਉਹਲੇ ਕਰਨਾ ਅਕ੍ਰਿਤਘਣ ਬਣਨਾ ਹੈ ਕਿ ਕੁਲ ੪੨ ਸਾਲ ਦੀ ਆਯੂ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਉਹ ਕੰਮ ਕਰ ਵਿਖਾਏ ਜਿਨ੍ਹਾਂ ਦੀ ਰੀਸ ਕੋਈ ਪੈਗੰਬਰ ਜਾਂ ਕੌਮੀ ਆਗੂ ਨਹੀਂ ਕਰ ਸਕਿਆ, ਤੇ ਨਾ ਹੀ ਕੋਈ ਕਰ ਸਕੇਗਾ ।

ਆਪ ਦਾ ਜਨਮ ਦਸੰਬਰ ੧੬੬੬ (ਸੰਮਤ ੧੭੨੩) ਅੰਦਰ ਪਟਨਾ ਸ਼ਹਿਰ (ਬਿਹਾਰ ਪ੍ਰਾਂਤ) ਵਿਚ ਹੋਇਆ। ਮੁਢਲਾ ਬਾਲਪਨ ਇਥੇ ਹੀ ਗੁਜ਼ਰਿਆ। ਪ੍ਰੋਫੈਸਰ ਸਾਹਿਬ ਸਿੰਘ ਦੀ ਖੋਜ ਅਨੁਸਾਰ ਮਾਰਚ ੧੬੭੧ ਵਿਚ ਪਿਤਾ ਗੁਰਦੇਵ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬੁਲਾਵੇ ਤੇ ਆਪ ਅਨੰਦਪੁਰ ਲਈ ਰਵਾਨਾ ਹੋਏ। ਸਾਲ ਭਰ ਰਾਹ ਵਿਚ ਸੰਗਤਾਂ ਨੂੰ ਗੁਰੂ-ਚਰਨਾਂ ਨਾਲ ਜੋੜਦੇ ਹੋਏ ਤੇ ਉਨ੍ਹਾਂ ਦਾ ਪਿਆਰ ਲੈਂਦੇ ਹੋਏ ਫ਼ਰਵਰੀ ੧੬੭੨ ਵਿਚ ਅਨੰਦਪੁਰ ਪੁਜੇ । ਪਿਤਾ ਗੁਰੂ ਦੀ ਦੇਖ-ਰੇਖ ਹੇਠ ਆਪ ਨੇ ਸ਼ਾਸਤ੍ਰ ਵਿਦਿਆ, ਸ਼ਸਤ੍ਰ ਟ੍ਰੇਨਿੰਗ, ਘੋੜ-ਸਵਾਰੀ ਆਦਿ ਹੁਨਰ ਪ੍ਰਾਪਤ ਕੀਤੇ । ੯ ਸਾਲ ਦੀ ਆਯੂ ਸਮੇਂ ਹੀ ਜ਼ਾਲਮ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਅਨੁਸਾਰ ਪਿਤਾ-ਗੁਰੂ ਧਰਮ ਹੇਤ ਸ਼ਹੀਦੀ ਪਾ ਗਏ। ਜਿਸ ਦਾ ਜ਼ਿਕਰ ਆਪ ਨੇ ਆਪਣੀ ਜੀਵਨ-ਕਥਾ ਬਚਿਤ੍ਰ ਨਾਟਕ ਵਿਚ ਕੀਤਾ ਹੈ—ਜਬ ਹਮ ਧਰਮ ਕਰਮ ਮੋ ਆਏ । ਦੇਵ ਲੋਕ ਤਬ ਪਿਤਾ ਸਿਧਾਏ ।

ਆਪ ਨੇ ਪਿਤਾ ਜੀ ਦੀ ਸ਼ਹੀਦੀ ਤੋਂ ਬਾਅਦ ਗੁਰਤਾ ਦੇ ਸਿੰਘਾਸਨ ਤੇ ਬੈਠ ਕੇ ਕੌਮ ਲਈ ਤੇ ਧਰਮ ਲਈ ਜੋ ਸ਼ਾਨਦਾਰ ਕਾਰਨਾਮੇ ਕੀਤੇ, ਉਹ ਸਦਾ ਲਈ ਸੰਸਾਰ ਨੂੰ ਚਾਨਣ ਪ੍ਰਦਾਨ ਕਰਦੇ ਰਹਿਣਗੇ।

ਇਹ ਉਹ ਸਮਾਂ ਸੀ ਜਦ ਕਿ ਔਰੰਗਜ਼ੇਬੀ ਤਲਵਾਰ ਨਿਤਪ੍ਰੀਤ ਸੈਂਕੜੇ ਮਜ਼ਲੂਮ ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰ ਕੇ ਵੀ ਤ੍ਰਿਪਤ ਨਹੀਂ ਹੋ ਰਹੀ ਸੀ। ਹਰ ਜੁੱਮੇ ਦੀ ਨਿਮਾਜ਼ ਸਮੇਂ ਦਿੱਲੀ ਦੀ ਈਦਗਾਹ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂਆਂ ਨੂੰ ਜਬਰਨ ਕਲਮਾ ਪੜ੍ਹਾ ਕੇ ਇਸਲਾਮ ਦੇ ਦਾਇਰੇ ਵਿਚ ਲਿਆਇਆ ਜਾਂਦਾ ਸੀ। ਹਿੰਦੂਆਂ ਦੀ ਗੈਰਤ ਤੇ ਅਣਖ ਖ਼ਤਮ ਹੋ ਚੁਕੀ ਸੀ। ਉਹ ਸਾਹ ਸਤ ਹੀਣ ਹੋ ਕੇ ਜ਼ਲੀਲ ਤੇ ਖ਼ੁਆਰ ਹੋ ਰਹੇ ਸਨ । ਇਸ ਜ਼ੁਲਮ ਤੇ ਅਨਿਆਏ ਦੀ ਪੁਸ਼ਟੀ ਅਨਮਤੀ ਇਤਿਹਾਸਕਾਰਾਂ, ਵਿਸ਼ੇਸ਼ ਕਰਕੇ ਮੁਸਲਮਾਨ ਲੇਖਕਾਂ ਦੀਆਂ ਰਚਨਾਵਾਂ ਵਿਚੋਂ ਵੀ ਮਿਲਦੀ ਹੈ। ਮੰਡੀ (ਸੁਕੇਤ) ਵਿਖੇ ਸਤਿਗੁਰੂ ਜੀ ਵਲੋਂ ਬੁਲਾਈ ਗਈ ਹਿੰਦੂ ਰਾਜਿਆਂ ਦੀ ਇਕਤ੍ਰਤਾ ਵਿਚ ਖਤ੍ਰੀਆਂ ਨੇ ਇਹੋ ਜਿਹੇ ਬੁਜ਼ਦਿਲੀ ਦੇ ਵਾਕ ਕਹੇ ਸਨ—

ਸਾਰਾ ਦਿਨ ਹਮ ਤੋਲਹਿ ਤਕੜੀ। ਲਕੜੀ ਹਾਥ ਕਭੀ ਨਹੀਂ ਪਕੜੀ।
ਚਿੜੀਆ ਉੜੇ ਡਰ ਸੇ ਮਰ ਜਾਂਹਿ। ਤੁਰਕਨ ਸਿਉ ਕੈਸੇ ਲੜ ਪਾਹਿ ?

ਹਿੰਦੂ ਰਾਜੇ ਮੁਗਲ ਸ਼ਾਹੀ ਦੇ ਦਬੇਲ ਹੋ ਕੇ ਆਪਣੀ ਅਣਖ ਤੇ ਆਣ ਗਿਰਵੀ ਰਖ ਚੁਕੇ ਸਨ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਛੁੜਾ ਕੇ ਲਿਆਂਦੀ।

ਇਤਿਹਾਸ ਦਸਦਾ ਹੈ ਕਿ ਸਤਿਗੁਰੂ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਇਹ ਅਨੁਭਵ ਕਰ ਲਿਆ ਕਿ 'ਬਾਹੂ ਬਲ ਬਿਨਾਂ ਕੌਮਾਂ ਹੁੰਦੀਆਂ ਨਿਤਾਣੀਆਂ ਨੇ।' ਆਪ ਨੇ ਕੌਮ ਵਿਚ ਬਲ ਭਰਨ ਲਈ ਸਿਖਾਂ ਨੂੰ ਪੂਰੀ ਤਰ੍ਹਾਂ ਸ਼ਸਤ੍ਰ-ਬੱਧ ਕੀਤਾ। ਸ਼ਾਹੀ ਠਾਠ-ਬਾਠ ਵਾਲਾ ਵਾਤਾਵਰਨ ਬਣਾਇਆ। ਰਣਜੀਤ ਨਗਾਰੇ ਤੇ ਚੋਟ ਲਾ ਕੇ ਸੈਰ ਸ਼ਿਕਾਰ ਤੇ ਚੜ੍ਹਨਾ, ਜੰਗਲੀ ਜਾਨਵਰਾਂ, ਸ਼ੇਰਾਂ, ਮਰਦਮਖ਼ੋਰ ਚੀਤਿਆਂ ਤੇ



www.AKJ.Org

ਭਾਲੂਆਂ ਨੂੰ ਵੰਗਾਰ ਕੇ ਮਾਰਨਾ ਜਾਂ ਜੀਂਦੇ ਫੜ ਕੇ ਲਿਆਉਣਾ ਆਦਿ ਭੁਜਾ-ਬਲ ਵਧਾਣ ਦੇ ਸੰਕੇਤ ਆਪ ਦੇ ਜੀਵਨ ਵਿਚੋਂ ਬਹੁਤ ਮਿਲਦੇ ਹਨ।

੧੬੯੯ ਵਾਲੀ ਵਿਸਾਖੀ ਵਾਲੇ ਦਿਨ, ਇਕ ਨਵੀਂ ਸਿਰਲੱਥ ਕੌਮ ਨੂੰ ਜਨਮ ਦੇਣਾ ਗੁਰੂ ਗੋਬਿੰਦ ਸਿੰਘ ਜੀ ਦੀ ਸੰਸਾਰ ਨੂੰ ਇਕ ਵੱਡੀ ਦੇਣ ਹੈ।

ਗੁਰੂ ਗੋਬਿੰਦ ਸਿੰਘ ਜੀ ਵਿਚ ਉਹ ਸਾਰੇ ਗੁਣ ਮੌਜੂਦ ਸਨ ਜੋ ਕਿਸੇ ਇਨਕਲਾਬੀ ਆਗੂ ਵਿਚ ਹੋਣੇ ਚਾਹੀਦੇ ਹਨ। ਜਿਥੇ ਉਹ ਸਵਾ ਲਖ ਵੈਰੀ ਨਾਲ ਇਕ ਸਿੱਖ ਦਾ ਮੁਕਾਬਲਾ ਕਰਾਣ ਵਾਲੇ ਜੋਸ਼ੀਲੇ ਤੇ ਅਣਖੀਲੇ ਕਮਾਂਡਰ ਸਨ ਉਥੇ ਉਹ ਆਪਣੀ ਲੜਾਈ ਦੇ ਤੱਤੇ ਮੈਦਾਨ ਵਿਚ ਕੁਦ ਕੇ ਹਜ਼ਾਰਹਾਂ ਦੇ ਆਹੂ ਲਾਹੁਣ ਵਾਲੇ ਸੂਰਬੀਰ ਜੋਧੇ ਸਨ।

ਏਡੇ ਜੰਗਜੂ ਬਹਾਦਰ ਤੇ ਲਾਸਾਨੀ ਜਰਨੈਲ ਹੁੰਦਿਆਂ ਹੋਇਆਂ ਆਪ ਜੀ ਇਕ ਵੱਡੇ ਸਾਹਿਤਕਾਰ ਵੀ ਸਨ, ਜਿਨ੍ਹਾਂ ਦੀਆਂ ਅਦਭੁਤ ਰਚਨਾਵਾਂ ਪੜ੍ਹ ਪੜ੍ਹ ਕੇ ਅਕਲ ਦੰਗ ਰਹਿ ਜਾਂਦੀ ਹੈ। ਜਾਪੁ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ, ਗਿਆਨ ਪ੍ਰਬੋਧ ਆਦਿ ਰਚਨਾਵਾਂ ਆਪ ਦੇ ਮਹਾਨ ਪੈਗੰਬਰ ਹੋਣ ਦਾ ਸਬੂਤ ਦੇਂਦੀਆਂ ਹਨ। ਔਰੰਗਜ਼ੇਬ ਦੇ ਅੰਤਲੇ ਦਿਨਾਂ ਵਿਚ ਉਸ ਵਲ ਦਿਆਲਪੁਰੇ ਕਾਂਗੜ ਤੋਂ ਲਿਖਿਆ ਫ਼ਾਰਸੀ ਵਿਚ ਜ਼ਫ਼ਰਨਾਮਾ ਆਪ ਦੀ ਇਕ ਬੇਨਜ਼ੀਰ ਲੇਖਣੀ ਹੈ।

ਮਹਾਨ ਧੁਰੰਧਰ ਵਿਦਵਾਨ ਤੇ ਰੱਬੀ ਗੱਲਾਂ ਦਸਣ ਵਾਲੇ ਅਲੌਕਿਕ ਲਿਖਾਰੀ ਹੋਣ ਦੇ ਨਾਲ ਨਾਲ ਆਪ ਸਾਹਿਤ ਦੇ ਮਹਾਨ ਕਦਰਦਾਨ ਵੀ ਸਨ। ਇਕੱਲੇ ਕਰਨ-ਪਰਬ ਦਾ ਅਨੁਵਾਦ ਕਰਨ ਤੇ ਲਿਖਾਰੀ ਨੂੰ ਸੱਠ ਹਜ਼ਾਰ ਰੁਪਏ ਇਨਾਮ ਦੇਣਾ ਆਪ ਦੇ ਮਹਾਨ ਦਾਨੀ ਹੋਣ ਦੀ ਸਾਖ ਹੈ। ਆਪ ਦੇ ਦਰਬਾਰ ਵਿਚ ੫੨ ਕਵੀਆਂ ਦੇ ਬੈਠਣ ਦੀ ਪੁਸ਼ਟੀ ਇਤਿਹਾਸਕਾਰਾਂ ਨੇ ਦਿੱਤੀ ਹੈ।

ਗੁਰੂ ਗੋਬਿੰਦ ਸਿੰਘ ਜੀ ਸਦਾ ਅਕਾਲ ਪੁਰਖ ਦੇ ਅੰਗ ਸੰਗ ਵਸਦੇ ਸਨ, ਇਸੇ ਕਰਕੇ ਆਪ ਦੇ ਬਲ ਪ੍ਰਾਕ੍ਰਮ ਵਿਚ ਕਦੀ ਤੋਟ ਨਹੀਂ ਆਈ। ਨਿਰਾਸ਼ਾ ਤਾਂ ਆਪ ਤੋਂ ਕੋਹਾਂ ਦੂਰ ਨਸਦੀ ਸੀ। ੧੬੮੬ ਵਿਚ ਆਪ ਨੇ ਪਹਿਲਾ ਭੰਗਾਣੀ ਦਾ ਜੁੱਧ ਜਿਤਿਆ, ਉਸ ਸੰਬੰਧੀ ਅਕਾਲ ਪੁਰਖ ਦਾ ਧੰਨਵਾਦ ਕਰਦਿਆਂ ਆਪ ਦੇ ਬਚਨ "ਭਈ ਜੀਤ ਮੇਰੀ, ਕ੍ਰਿਪਾ ਕਾਲ ਤੇਰੀ" ਬਚਿਤ੍ਰ ਨਾਟਕ ਦੇ ਅਠਵੇਂ ਅਧਿਆਇ ਵਿਚੋਂ ਅਜ ਵੀ ਪੜ੍ਹੇ ਸੁਣੇ ਜਾ ਸਕਦੇ ਹਨ। ਵੈਰੀਆਂ ਨਾਲ ਵਡੀਆਂ ਛੋਟੀਆਂ ੧੪ ਲੜਾਈਆਂ ਲੜਦਿਆਂ ਕਿਸੇ ਵਿਚ ਵੀ ਆਪ ਨੂੰ ਹਾਰ ਨਹੀਂ ਹੋਈ। ਹਮੇਸ਼ਾ ਹੀ ਜਿੱਤ ਆਪ ਦੇ ਕਦਮ ਚੁੰਮਦੀ ਰਹੀ।

ਆਪ ਦੇ ਇਕ ਬੋਲ ਤੇ ਲਖਾਂ ਮਰਜੀਉੜੇ ਜਾਨਾਂ ਵਾਰਨ ਲਈ ਤਿਆਰ ਰਹਿੰਦੇ ਸਨ। ਕੇਸ ਗੜ੍ਹ ਦੇ ਦੀਵਾਨ ਵਿਚ ਪੰਜਾਂ ਪਿਆਰਿਆਂ ਦੀ ਚੋਣ ਤੇ ਖਾਲਸੇ ਦੀ ਸਾਜਨਾ ਕਰਨ ਤੋਂ ਬਾਅਦ ਦੂਜੇ ਦਿਨ ਅੰਮ੍ਰਿਤ ਪਾਨ ਕਰਨ ਵਾਲਿਆਂ ਦੀ ਗਿਣਤੀ ਉਸ ਸਮੇਂ ਸਰਕਾਰ ਨੂੰ ਦਿਤੀ ਗਈ ਰਪੋਟ ਵਿਚ ਵੀਹ ਹਜ਼ਾਰ ਲਿੱਖੀ ਮਿਲਦੀ ਹੈ। ਤਲਵੰਡੀ (ਦਮਦਮਾ ਸਾਹਿਬ) ਵਿਖੇ ਡੱਲੇ ਸਿੰਘ ਦੇ ਮਾਨ ਨੂੰ ਤੋੜਨ ਲਈ ਬੰਦੂਕ ਦਾ ਨਿਸ਼ਾਨਾ ਪਰਖਣ ਵੇਲੇ ਸੀਨੇ ਵਿਚ ਗੋਲੀ ਖਾਣ ਲਈ ਦੋ ਸਿਖਾਂ ਦੇ ਦੌੜ ਕੇ ਆਉਣ ਦਾ ਪ੍ਰਸੰਗ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਅੰਕਤ ਹੈ।

੧੭੦੬ ਵਿਚ ਛੇ ਮਹੀਨੇ ਅਨੰਦਪੁਰ ਦੇ ਆਸ ਪਾਸ ਸ਼ਾਹੀ ਤੇ ਪਹਾੜੀ ਸੈਨਾ ਦਾ ਘੇਰਾ ਪਿਆ ਰਹਿਣ ਤੇ ਵੀ ਆਪ ਨੇ ਨਿਰਾਸ਼ਾ ਨੂੰ ਨੇੜੇ ਨਹੀਂ ਫਟਕਣ ਦਿੱਤਾ। ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲੇ ਸਤਿਗੁਰੂ ਜੀ ਦੋਵੇਂ ਵੇਲੇ ਦੀਵਾਨ ਸਜਾਂਦੇ ਰਹੇ। ਸੋਹਣੇ ਅਨੰਦਪੁਰ ਨੂੰ ਛੱਡਣ ਵੇਲੇ ਵੀ ਪੂਰੇ ਸਾਹਸ ਤੇ ਦਲੇਰੀ ਤੋਂ ਕੰਮ ਲੈਂਦਿਆਂ ਸਰਸੇ ਨੂੰ ਪਾਰ ਕੀਤਾ, ਭਾਵੇਂ ਮਹਿਲ ਤੇ ਦੋ ਸ਼ੀਰ-ਖ਼ੋਰ ਬੱਚੇ ਅਤੇ ਪਿਆਰੀ ਅੰਮੀ ਵਿਛੜ ਗਏ, ਪਰ ਮਨ ਤੇ ਰੱਤੀ ਵੀ ਮਲਾਲ ਨਹੀਂ ਆਇਆ।



www.AKJ.Org

ਚਮਕੌਰ ਦੀ ਜੰਗ ਵਿਚ ਦੋ ਜਿਗਰ ਦੇ ਟੁਕੜਿਆਂ ਨੂੰ ਆਪਣੀ ਹਥੀਂ ਸ਼ਸਤ੍ਰ ਸਜਾ ਕੇ ਸ਼ਹੀਦ ਹੋਣ ਲਈ ਤੋਰਨਾ ਮਹਾਂ ਧੀਰ ਹੋਣ ਦੀ ਨਿਸ਼ਾਨੀ ਹੈ। ਸੰਸਾਰ ਦੇ ਇਤਿਹਾਸ ਵਿਚ ਕਿਸੇ ਪਿਤਾ ਵਲੋਂ ਇੰਜ ਪੁਤਰਾਂ ਦੀ ਕੁਰਬਾਨੀ ਦੇਣ ਦਾ ਸੰਕੇਤ ਨਹੀਂ ਮਿਲਦਾ। ਮਾਹੀ ਹਲਕਾਰੇ ਰਾਹੀਂ ਮਾਲਵੇ ਦੇ ਪਿੰਡ ਸੀਲੋਆਣੀ ਵਿਚ ਛੋਟੇ ਸਾਹਿਬਜ਼ਾਦਿਆਂ ਦੀ, ਕੰਧਾਂ ਵਿਚ ਚਿਣੇ ਜਾਣ ਦੀ ਖ਼ਬਰ ਸੁਣ ਕੇ ਵਾਹਿਗੁਰੂ ਦਾ ਸ਼ੁਕਰ ਅਦਾ ਕਰਨਾ ਉਰਦੂ ਕਵੀ ਦੇ ਅਖਰਾਂ ਵਿਚ "ਹੈ ਸ਼ੁਕਰ ਆਜ ਤੇਰੀ ਅਮਾਨਤ ਅਦਾ ਹੁਈ, ਬਚੋਂ ਕੀ ਜਾਨ ਕੌਮ ਕੀ ਖ਼ਾਤਰ ਫ਼ਿਦਾ ਹੁਈ" ਕਹਿਣਾ ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਹੀ ਆਇਆ ਹੈ।

ਚਮਕੌਰ ਦੀ ਗੜ੍ਹੀ ਵਿਚੋਂ ਦਲੇਰੀ ਨਾਲ ਨਿਕਲ ਨੇ ਕਾਲੀ ਡਰਾਉਣੀ ਰਾਤ ਸਮੇਂ ਜੰਗਲਾਂ ਬੀਆਬਾਨਾਂ ਨੂੰ ਚੀਰਦੇ ਨੰਗੇ ਪੈਰੀਂ ਮਾਛੀਵਾੜੇ ਪੁਜਣ ਤਕ ਉੱਚੇ ਦਾਈਏ ਵਿਚ ਰਹਿਣਾ, ਰੋੜਿਆਂ ਕੰਡਿਆਂ ਦੀ ਸੇਜਾ ਨੂੰ 'ਯਾਰੜੇ ਦਾ ਸਾਨੂੰ ਸਥਰ ਚੰਗਾ' ਕਹਿ ਕੇ ਸ਼ੁਕਰਾਨਾ ਕਰਨ ਵਾਲਾ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਹੋਰ ਕੋਈ ਵੀ ਦੁਨੀਆ ਦੀ ਹਿਸਟਰੀ ਵਿਚ ਦਿਖਾਈ ਨਹੀਂ ਦੇਂਦਾ।

ਸੰਸਾਰ ਦੇ ਤ੍ਵਾਰੀਖ਼ਦਾਨਾਂ ਨੇ ਅਜ ਤਕ ਸ੍ਰੀ ਗੁਰੂ ਗੋਬਿੰਦ ਸਿੰਘ ਵਰਗੇ ਸ਼ਰਨਪਾਲ ਦਾ ਜ਼ਿਕਰ ਕਿਸੇ ਥਾਂ ਤੇ ਨਹੀਂ ਕੀਤਾ। ਪਿਤਾ ਦੇ ਕਾਤਲ ਦਾ ਪੁਤਰ (ਬਹਾਦਰ ਸ਼ਾਹ) ਤਖ਼ਤ-ਪ੍ਰਾਪਤੀ ਲਈ ਸਹਾਇਤਾ ਦੀ ਮੰਗ ਕਰਦਾ ਹੈ, "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ" ਦੇ ਮਹਾਂ ਵਾਕ ਅਨੁਸਾਰ ਸ਼ਰਨਪਾਲ ਸਤਿਗੁਰੂ ਜੀ ਜੈਜੋਂ ਦੀ ਲੜਾਈ ਵਿਚ ਆਪਣੀ ਫ਼ੌਜ ਭੇਜ ਕੇ ਤੇ ਉਸ ਦੀ ਮਦਦ ਕਰ ਕੇ ਦਿੱਲੀ ਦੇ ਤਖ਼ਤ ਦਾ ਵਾਰਸ ਬਣਾਂਦੇ ਹਨ, ਪਰ ਉਹ ਬੇਕਦਰਾ ਸਾਰੇ ਕੌਲ ਕਰਾਰ ਭੁਲਾ ਕੇ ਸਤਿਗੁਰੂ ਜੀ ਦੇ ਜੋਤੀ ਜੋਤਿ ਸਮਾਣ ਤੋਂ ਬਾਅਦ ਸਿਖਾਂ ਦਾ ਖੁਰਾ ਖੋਜ ਮਿਟਾਣ ਤੇ ਤੁਲ ਜਾਦਾ ਹੈ।

ਮੁਕਤ ਭੁਗਤ ਦਾ ਦਾਤਾ ਸਤਿਗੁਰੂ ਅਨੰਦਪੁਰ ਦੇ ਘੇਰੇ ਸਮੇਂ ਭੁੱਖ ਦੇ ਦੁਖੋਂ ਤੰਗ ਆਏ ਬੇਦਾਵਾ ਦੇ ਕੇ ਟੁਰ ਗਏ ਸਿੱਖਾਂ ਦੀ ਕਿਵੇਂ ਟੁੱਟੀ ਗੰਢਦਾ ਹੈ, ਮੁਕਤਸਰ ਦਾ ਇਤਿਹਾਸਕ ਅਸਥਾਨ ਅਜ ਵੀ ਇਸ ਗੱਲ ਦੀ ਗੁਆਹੀ ਦੇ ਰਿਹਾ ਹੈ। ਸਭ ਕੁਛ ਲੁਟ ਚੁਕਾ ਹੈ, ਪੁਤਰ ਸ਼ਹੀਦ ਹੋ ਗਏ ਹਨ, ਪਰਵਾਰ ਵਿਛੜ ਗਿਆ ਹੈ, ਪਰ ਪਿਆਰੇ ਸਿਖਾਂ ਨੂੰ ਨਹੀਂ ਵਿਸਾਰਿਆ। ਮੁਕਤ ਭੁਗਤ ਦੇ ਦਾਤੇ ਸਤਿਗੁਰੂ ਨੇ ਬੇਦਾਵੇ ਵਾਲਾ ਉਹ ਕਾਗਜ਼ ਕਮਰਕੱਸੇ ਨਾਲ ਬੰਨ੍ਹਿਆ ਹੋਇਆ ਹੈ। ਸਮਾਂ ਆਉਣ ਤੇ ਸਿਖਾਂ ਨੂੰ ਬਖਸ਼ਦਾ, ਬੇਦਾਵੇ ਨੂੰ ਪਾੜਦਾ ਤੇ ਟੁੱਟੀ ਗੰਢਦਾ ਹੈ :– "ਵਿਛੁੜਿਆਂ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ" ॥ (ਸਲੋਕ ਮ: ੫, ਪੰਨਾ ੯੫੭)

ਸਾਬੋ ਕੀ ਤਲਵੰਡੀ ਦਮਦਮੇ ਸਾਹਿਬ ਬਿਸਰਾਮ ਸਮੇਂ ਆਪਣੇ ਅਨੁਭਵ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਨਵੇਂ ਸਿਰੇ ਪਹਿਲੇ ਵਾਂਗ ਤਰਤੀਬ ਦੇ ਕੇ ਸੰਕਲਨ ਕਰਨ ਦਾ ਬਿਰਤਾਂਤ ਕਲਗੀਧਰ ਜੀ ਦੀ ਮਹਾਨ ਜੋਤੀ ਦੀ ਬੇਅੰਤਤਾ ਨੂੰ ਦਰਸਾਉਂਦਾ ਹੈ।

ਬੀਰ ਕੌਮਾਂ ਵਿਚ ਸੁੱਤੀ ਬੀਰਤਾ ਦੀ ਅੱਗ ਜਗਾਉਣਾ ਸੌਖਾ ਹੈ, ਪਰ ਨੀਚ ਤੇ ਦਲਿਤ, ਮੁਦਤਾਂ ਤੋਂ ਮਾਰ ਖਾਂਦੇ ਆ ਰਹੇ ਲੋਕਾਂ ਵਿਚ ਮਰਦਾਨਗੀ ਦੀ ਰੂਹ ਫੂਕਣ ਦਾ ਕੰਮ ਗੁਰੂ ਗੋਬਿੰਦ ਸਿੰਘ ਤੋਂ ਸਿਵਾ ਹੋਰ ਕੋਈ ਨਹੀਂ ਕਰ ਸਕਿਆ।

ਸੰਸਾਰ ਦੇ ਸਾਰੇ ਪ੍ਰਸਿਧ ਇਤਿਹਾਸਕਾਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਦਿਲ ਖੋਲ੍ਹ ਕੇ ਸ਼ਰਧਾਂਜਲੀਆਂ ਅਰਪਨ ਕੀਤੀਆਂ ਹਨ, ਜਿਨ੍ਹਾਂ ਵਿਚੋਂ ਡੇਰਾ ਗਾਜ਼ੀ ਖ਼ਾਂ (ਹੁਣ ਪਾਕਿਸਤਾਨ) ਦੇ ਇਕ ਕੱਟੜ ਆਰੀਆ ਸਮਾਜੀ ਲਾਲਾ ਦੌਲਤ ਰਾਏ ਦੇ ਸ਼ਬਦ ਹਨ—"ਇਕੋ ਹੀ ਵਿਅਕਤੀ ਵਿਚ ਸਾਰੇ ਗੁਣ ਮਿਲਣੇ ਬਹੁਤ ਕਠਨ ਹਨ, ਪਰ ਗੁਰੂ ਗੋਬਿੰਦ ਸਿੰਘ ਹਰ ਪਾਸਿਓਂ ਮੁਕੰਮਲ ਸ਼ਖ਼ਸੀਅਤ ਸਨ। ਉਹ ਮਹਾਂ ਕਵੀ ਸਨ, ਧਾਰਮਕ ਨੇਤਾ ਸਨ, ਚੋਟੀ ਦੇ ਸੁਧਾਰਕ ਸਨ, ਮੰਨੇ-ਪ੍ਰਮੰਨੇ ਵਿਦਵਾਨ ਸਨ ਤੇ ਨਾਲ ਹੀ ਬਲਵਾਨ ਯੋਧੇ ਤੇ ਜਰਨੈਲ ਵੀ।"

ਭਾਰਤ ਵਾਸੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਉਪਕਾਰਾਂ ਤੇ ਅਹਿਸਾਨਾਂ ਨੂੰ ਕਦੀ ਨਹੀਂ ਭੁਲਾ ਸਕਦੇ। ਉਨ੍ਹਾਂ ਦੀ ਯਾਦ ਹਮੇਸ਼ਾ ਕੌਮ ਤੇ ਦੇਸ਼ ਨੂੰ ਚਾਨਣ-ਮੁਨਾਰੇ ਦਾ ਕੰਮ ਦੇਂਦੀ ਰਹੇਗੀ।



www.AKJ.Org

# ਤੇਰੇ ਜਿਹਾ ਹੋਇਆ ਕੋਈ ਵੇਖਿਆ ਨਹੀਂ

ਵਲੋਂ—ਗਿ: ਗੋਪਾਲ ਸਿੰਘ ਜੀ 'ਮਿੱਤਰ', ਮਾਲਬ (ਗੁੜਗਾਉਂ)

ਕਲਗੀ ਵਾਲਿਆ ਤੇਰਾ ਨਾ ਕੋਈ ਸਾਨੀ, ਵਰਕੇ ਡਿੱਠੇ ਇਤਿਹਾਸ ਦੇ ਫੋਲ ਕੇ ਮੈਂ।
ਵਲੀ ਪੀਰ ਲਖਾਂ ਰਹਿਬਰ ਆਏ ਜਗ ਤੇ, ਗ੍ਰੰਥ ਬਹੁਤਿਆਂ ਦੇ ਡਿੱਠੇ ਖੋਲ੍ਹ ਕੇ ਮੈਂ।
ਆਲਮ ਮਿਲੇ ਵੱਖੋ ਵਖ ਫਿਰਕਿਆਂ ਦੇ, ਕਈਆਂ ਆਮਲਾਂ ਨੂੰ ਮਿਲਿਆ ਟੋਲ ਕੇ ਮੈਂ।
ਤੇਰਾ ਸਾਨੀ ਨਾ ਕਿਤੇ ਵੀ ਹੋਇਆ ਡਿੱਠਾ, ਸਾਰੇ ਜਗ ਨੂੰ ਦੱਸਾਂ ਇਹ ਬੋਲ ਕੇ ਮੈਂ।੧।

ਤੇਰੇ ਜੀਵਨ ਤੇ ਜਦੋਂ ਮੈਂ ਨਜ਼ਰ ਮਾਰਾਂ, ਲੀਲ੍ਹਾ ਤੇਰੀ ਮੈਂ ਅਪਰੰਪਾਰ ਤੱਕਾਂ।
ਕਿਤੇ ਸੋਹਣੇ ਸ਼ਾਹੀ ਠਾਠ ਬਾਠ ਤੱਕਾਂ, ਲੱਗੇ ਧਾਰਮਕ ਕਿਤੇ ਦਰਬਾਰ ਤੱਕਾਂ।
ਕਿਤੇ ਹੁੰਦੇ ਘਮਸਾਨ ਦੇ ਯੁਧ ਵੇਖਾਂ, ਰਣ ਵਿਚ ਸੂਰਮੇ ਬੇਸ਼ੁਮਾਰ ਤੱਕਾਂ।
ਕਿਤੇ ਲੱਖਾਂ ਦੀ ਕਰਦਾ ਕਮਾਨ ਵੇਖਾਂ, ਕਿਤੇ ਕਲ੍ਹਿਆਂ ਸੋਹਣੀ ਸਰਕਾਰ ਤੱਕਾਂ।੨।

ਕਿਤੇ ਮਹਿਲ ਸ਼ਾਹੀ ਬਿਸਤਰ ਮਖਮਲਾਂ ਦੇ, ਜਾਮਾ ਕਿਤੇ ਤੇਰਾ ਲੀਰੋ ਲੀਰ ਵੇਖਾਂ।
ਕਿਤੇ ਨੀਲੇ ਦਾ ਸ਼ਾਹ ਸਵਾਰ, ਕਿਧਰੇ ਸਿੰਮਦਾ ਚਰਨਾਂ ਚੋਂ ਲਹੂ ਦਸਤਗੀਰ ਵੇਖਾਂ।
ਕਿਤੇ ਤਾਜ ਕਲਗੀ ਹੱਥ ਤੇ ਬਾਜ਼ ਸੋਹੇ, ਬਣਿਆ ਕਦੇ ਤੈਨੂੰ ਉੱਚ-ਪੀਰ ਵੇਖਾਂ।
ਤੇਰੀ ਜ਼ਿੰਦਗੀ ਦਾ ਸੋਹਣਾ ਬਾਬ ਲਿਖਿਆ, ਤਵਾਰੀਖ਼ ਅੰਦਰ ਬੇ-ਨਜ਼ੀਰ ਵੇਖਾਂ।੩।

ਜੀਵਨ-ਨਾਟਕ ਹੈ ਸਾਰਾ ਵਚਿਤ੍ਰ ਤੇਰਾ, ਹੱਸ ਹੱਸ ਬਿਤਾਇਆ ਪਿਆਰਿਆ ਤੂੰ।
ਕਰ ਕੇ ਸਮੇਂ ਅਨੁਸਾਰ ਅਸਚਰਜ ਲੀਲ੍ਹਾ, ਜੀਵਨ ਦੇਸ਼ ਖ਼ਾਤਰ ਸਾਰਾ ਵਾਰਿਆ ਤੂੰ।
ਪਿਤਾ ਵਾਰ ਕੇ ਰੋਂਦੇ ਹਸਾਏ ਜਗ ਦੇ, ਪੁੱਤਰ ਵਾਰ ਕੇ ਸ਼ੁਕਰ ਗੁਜ਼ਾਰਿਆ ਤੂੰ।
ਚਮਕ ਰਿਹਾ ਏਂ ਭਾਰਤ ਦੀ ਹਿਸਟਰੀ ਵਿਚ, ਭਾਰਤ ਵਰਸ਼ ਦੇ ਚਮਕਦੇ ਤਾਰਿਆ ਤੂੰ।੪।

ਤੇਰੇ ਜਿਹਾ ਹੋਇਆ ਕੋਈ ਵੇਖਿਆ ਨਹੀਂ, ਸਾਹਿਤਕਾਰ ਵੀ ਏਸ ਜਹਾਨ ਉੱਤੇ।
ਤੇਰੀ ਕਲਮ ਨੇ ਹੀਰੇ ਜਵਾਹਰ ਉਗਲੇ, ਬੈਠੀ ਸਾਰਦਾ ਤੇਰੀ ਜ਼ਬਾਨ ਉੱਤੇ।
ਬਖਸ਼ਿਸ਼ ਕਰ ਗਈ ਤੇਰੀ ਇਕ ਨੈਣ-ਤਕਣੀ, ਨੰਦ ਲਾਲ ਸਿੰਘ ਜਹੇ ਵਿਦਵਾਨ ਉੱਤੇ।
ਸੱਚ ਆਖਨਾਂ ਵਾਂ ਤੇਰੀ ਚਰਨ-ਰਜ ਦੇ, ਤਾਰੇ ਬਣੇ ਚਮਕਨ ਆਸਮਾਨ ਉੱਤੇ।੫।

ਪੈ ਗਈ ਤਰਥਲੀ ਦੁਸ਼ਮਨ ਦੀ ਫ਼ੌਜ ਅੰਦਰ, ਜਦੋਂ ਨਿਕਲਿਆ ਭੱਥੇ ਚੋਂ ਤੀਰ ਤੇਰਾ।
ਬਖਸ਼ ਗਿਆ ਮੁਕਤੀ ਦਾਤ ਵੈਰੀਆਂ ਨੂੰ, ਲੱਗਾ ਤੀਰ ਮੇਰੇ ਦਸਤਗੀਰ ਤੇਰਾ।
ਜ਼ੋਰ ਨਾਲ ਦੇਵੇਂ ਜ਼ਰ ਵੀ ਭੁੱਖਿਆਂ ਨੂੰ, ਛੁੱਟਾ ਤੀਰ ਵੀ ਬੇ-ਨਜ਼ੀਰ ਤੇਰਾ।
ਦੁਨੀਆ ਵਿਚ ਨਾ ਮਿਲੇ ਮਿਸਾਲ, ਜਿੰਨਾ ਦਿਲ ਦਰਾਜ਼ ਸੀ ਪੀਰਾਂ ਦੇ ਪੀਰ ਤੇਰਾ।੬।

ਤੇਰੇ ਨੀਲੇ ਦੀ ਵੇਖ ਨੁਹਾਰ ਸੋਹਣੀ, ਝੁਕ ਝੁਕ ਕਰੇ ਸਜਦੇ ਆਸਮਾਨ ਨੀਲਾ।
ਚੁਕੀ ਖ਼ਾਕ ਵੀ ਉਤਰ ਫ਼ਰਿਸ਼ਤਿਆਂ ਨੇ, ਜਿੱਥੋਂ ਲੰਘ ਗਿਆ ਆਲੀਸ਼ਾਨ ਨੀਲਾ।
ਵਿਛੜ ਗਿਆ ਨੀਲਾ ਪਿਆਰਾ ਜਦੋਂ ਤੈਥੋਂ, ਉੱਚ ਪੀਰ ਬਣ ਕੀਤਾ ਪਹਿਰਾਨ ਨੀਲਾ।
ਕਹਿੰਦੀ ਸੁਣੀ ਏਦਾਂ ਕਾਇਨਾਤ ਸਾਰੀ, ਵਾਹ ਸੁਬਹਾਨ ਨੀਲਾ ਰੱਬ ਦੀ ਸ਼ਾਨ ਨੀਲਾ।੭।

ਨਾਮ ਲੈਂਦਿਆਂ ਤੇਰਾ ਸਤਿਕਾਰ ਅੰਦਰ, ਸੀਸ ਆਪਣੇ ਆਪ ਹੀ ਝੁਕਦੇ ਨੇ।
ਟੁਰਿਆਂ ਤੇਰੇ ਆਦਰਸ਼ ਤੇ ਪ੍ਰੀਤਮਾ ਵੇ, ਝੇੜੇ ਸਾਰੇ ਸੰਸਾਰ ਦੇ ਮੁੱਕਦੇ ਨੇ।
ਦਾਤਾ ! ਤੇਰੀ ਵਿਚਾਰ ਕੇ ਰਾਜਨੀਤੀ, ਨੀਤੀਵਾਨ ਜਗ ਦੇ ਉਂਗਲਾਂ ਟੁੱਕਦੇ ਨੇ।
ਲੋਹਾ ਮੰਨਦੇ ਨੇ ਤੇਰੀ ਬੀਰਤਾ ਦਾ, ਵੈਰੀ ਕਰਦੇ ਤਾਰੀਫ਼ ਨਾ ਉੱਕਦੇ ਨੇ।੮।

ਜਦੋਂ ਤੀਕ ਕਾਇਮ ਸੂਰਜ ਚੰਨ ਤਾਰੇ, ਅਤੇ ਕਾਇਮ ਕੁਦਰਤੀ ਨਜ਼ਾਮ ਰਹਿਸੀ।
ਪੜ੍ਹ ਪੜ੍ਹ 'ਮਿੱਤਰ' ਜੀ ਸੁੰਦਰ ਇਤਿਹਾਸ ਤੇਰਾ, ਕਰਦਾ ਦੇਸ਼ ਇਹ ਸਦਾ ਪਰਨਾਮ ਰਹਿਸੀ।

www.AKJ.Org

# ਦਸਮੇਸ਼ ਗੁਰੂ ਵਰਗਾ ਹੋਇਆ ਨਾ ਕੋਈ ਸਾਨੀ

[ਸ: ਦਾਨ ਸਿੰਘ ਜੀ ਕੋਮਲ]

ਗੁਜਰੀ ਦਾ ਚਾਨਣਾ ਸੀ, ਇਕ ਮੂਰਤੀ ਇਲਾਹੀ।
ਉਹ ਪਾਤਸ਼ਾਹ ਸੀ ਦਸਵਾਂ, ਦਰਵੇਸ਼ ਤੇ ਸਿਪਾਹੀ।
ਉਹ ਸਿਦਕ ਦਾ ਸੀ ਪੁਤਲਾ, ਤੇ ਸੱਚ ਦਾ ਉਹ ਰਾਹੀ।
ਦਰਦੀ ਮਾਨੁੱਖਤਾ ਦਾ, ਉਹ ਜ਼ੁਲਮ ਲਈ ਤਬਾਹੀ।
ਖ਼ੰਜਰ ਪਿਆਲਾ ਉਹਦਾ, ਤੇ ਸੂਲ ਸੀ ਸੁਰਾਹੀ।
ਉਹ ਦੇਸ਼-ਭਗਤ ਸੱਚਾ, ਉਸ ਮੌਤ ਸੀ ਵਿਆਹੀ।
ਉਸਨੂੰ ਝੁਕਾ ਨਾ ਸੱਕੀ, ਮੁਗ਼ਲਾਂ ਦੀ ਸ਼ਹਿਨਸ਼ਾਹੀ।
ਉਸ ਜ਼ਿੰਮੇਵਾਰੀ ਧੁਰ ਦੀ, ਸੀ ਪੂਰੀ ਤਰ੍ਹਾਂ ਨਿਬਾਹੀ।
ਸੁਣ ਲੌ ਇਹ ਅਮਰ-ਗਾਥਾ, ਇਤਿਹਾਸ ਦੀ ਜ਼ਬਾਨੀ।
ਦਸਮੇਸ਼ ਗੁਰੂ ਵਰਗਾ, ਹੋਇਆ ਨਾ ਕੋਈ ਸਾਨੀ।

ਨੌਂ ਸਾਲ ਦੇ ਜਾਂ ਹੋਏ, ਨੌਵੇਂ ਗੁਰੂ ਦੇ ਜਾਏ।
ਤਾਂ ਨੌਵੇਂ ਗੁਰੂ-ਪਿਤਾ ਦੇ, ਦਰ ਤੇ ਸਵਾਲੀ ਆਏ।
ਕਸ਼ਮੀਰ ਦੇ ਉਹ ਪੰਡਤ, ਸੀ ਜ਼ੁਲਮ ਦੇ ਸਤਾਏ।
ਉਹ ਤਿਲਕ, ਜੰਞੂ, ਬੋਦੀ, ਲੁਕਾ ਲੁਕਾ ਲਿਆਏ।
ਤਕ ਕੇ ਉਨ੍ਹਾਂ ਦੀ ਹਾਲਤ, ਬੋਲੇ ਗੋਬਿੰਦ ਰਾਏ:
'ਮੇਰੀ ਪਿਤਾ ਜੀ ਰਾਏ, ਹੋਵੋ ਤੁਸੀਂ ਸਹਾਏ।
ਹੈ ਮਹਾਂ-ਪੁਰਖ ਕਿਹੜਾ, ਅੱਜ ਤੁਸਾਂ ਦੇ ਸਿਵਾਏ।
ਜੋ ਹਿੰਦਵਾਇਣ ਰੱਖੇ, ਤੇ ਧਰਮ ਨੂੰ ਬਚਾਏ।'
ਦਿੱਲੀ ਨੂੰ ਤੋਰ ਦਿੱਤਾ ਜਿਸ ਪਿਤਾ ਸੀ ਨੂਰਾਨੀ।
ਇਹੋ ਜਹੇ ਬਾਲ ਵਰਗਾ, ਹੋਇਆ ਨਾ ਕੋਈ ਸਾਨੀ।

ਪਹਿਲੀ ਵੈਸਾਖ ਦੀ ਸੀ, ਸੰਗਤ ਬੁਲਾਈ ਭਾਰੀ।
ਇਕ ਨਵੀਂ ਕਾਰ ਕੀਤੀ, ਸੀ ਜੱਗ ਤੋਂ ਨਿਆਰੀ।
ਚੰਡੀ ਮਿਆਨੋਂ ਕੱਢੀ, ਪੰਜਾਂ ਨੇ ਜਿੰਦ ਵਾਰੀ।
ਪੰਜਾਂ ਦੀ ਕਾਇਆਂ ਪਲਟੀ, ਤਕਦੀਰ ਸੀ ਸਵਾਰੀ।
ਦੇ ਖੰਡੇ-ਧਾਰ ਅੰਮ੍ਰਿਤ, ਪੰਜਾਂ ਨੂੰ ਵਾਰੀ ਵਾਰੀ।
ਪੰਜਾਂ ਨੂੰ ਅਮਰ ਕੀਤਾ, ਬਖ਼ਸ਼ੀ ਸਵੈ-ਸਰਦਾਰੀ।
ਪੰਜਾਂ ਨੂੰ ਪੰਥ ਕਹਿ ਕੇ, ਦਿੱਤੀ ਖ਼ੁਦਾਈ ਸਾਰੀ।
ਪੰਜਾਂ ਤੋਂ ਫੇਰ ਮੰਗੀ, ਅੰਮ੍ਰਿਤ ਦੀ ਦਾਤ ਪਿਆਰੀ।
ਕੋਈ ਆਪੇ ਗੁਰੂ ਤੇ ਚੇਲਾ, ਬਣਿਆ ਨਾ ਦੋਂਹ ਜਹਾਨੀਂ।
ਗੋਬਿੰਦ ਗੁਰੂ ਦਾ ਜੱਗ ਤੇ, ਹੋਇਆ ਨਾ ਕੋਈ ਸਾਨੀ।



www.AKJ.Org

ਪਾਇਆ ਜਾਂ ਸ਼ਾਹੀ ਫ਼ੌਜਾਂ, ਆਨੰਦਪੁਰ ਨੂੰ ਘੇਰਾ।
ਸਤਿਗੁਰ ਨੇ ਸਣੇ ਸਿੱਖਾਂ, ਲਾਇਆ ਕਿਲ੍ਹੇ 'ਚ ਡੇਰਾ।
ਦੁਸ਼ਮਣ ਨੇ ਛੇ ਮਹੀਨੇ, ਸੀ ਘੇਰਿਆ ਚੁਫੇਰਾ।
ਐਪਰ ਨਾ ਜਿੱਤ ਸਕੇ, ਲਾਇਆ ਸੀ ਬਲ ਬਥੇਰਾ।
ਡੱਕੇ ਸੀ ਸਿੱਖ ਭੁੱਖੇ, ਭਾਵੇਂ ਸਮਾਂ ਲੰਮੇਰਾ।
ਸਤਿਗੁਰਾਂ ਨਾ ਈਨ ਮੰਨੀ, ਕਿੰਨਾ ਸੀ ਵੱਡਾ ਜੇਰਾ।
ਸੂਰਜ ਦੇ ਵਾਂਗ ਫਿਰ ਵੀ, ਚਮਕਦਾ ਸੀ ਚੇਹਰਾ।
ਕਿਉਂਕਿ ਗੁਰੂ ਨੂੰ ਬੱਧਾ, ਅਕਾਲ ਨੇ ਸੀ ਸੇਹਰਾ।
ਦਿਲ ਵਿਚ ਸੀ ਰੱਬ ਜਿਸਦੇ, ਤੇ ਹੱਥ 'ਚ ਭਵਾਨੀ।
ਐਸੇ ਗੋਬਿੰਦ ਗੁਰ ਦਾ, ਹੋਇਆ ਨਾ ਕੋਈ ਸਾਨੀ।
ਬਾਹਰ ਕਿਲ੍ਹੇ ਦੇ ਸੈਨਾ, ਬੇ-ਓੜਕੀ ਖੜੀ ਸੀ।
"ਬੱਸ ! ਗੁਰੂ ਈਨ ਮੰਨੇ", ਇਹ ਜ਼ਿਦ ਹੀ ਫੜੀ ਸੀ।
ਦਸਮੇਸ਼ ਬਾਹਰ ਨਿਕਲੇ, ਇਹ ਹਿੰਮਤ ਹੀ ਬੜੀ ਸੀ।
ਕੋਈ ਵੀ ਫ਼ੌਜ ਸਾਹਵੇਂ, ਨਾ ਅੜੀ ਨਾ ਲੜੀ ਸੀ।
ਟਿੱਡੀ-ਦਲ ਮਗਰ ਲੱਗਾ, ਬਿਪਤਾ ਭਰੀ ਘੜੀ ਸੀ।
ਨਿੱਤ-ਨੇਮ ਮਿਲ ਕੇ ਕੀਤਾ, ਬਾਣੀ ਵੀ ਰਲ ਪੜ੍ਹੀ ਸੀ।
ਸਰਦੀ ਦੀ ਰਾਤ ਕਾਲੀ, ਬੱਦਲਵਾਈ, ਝੜੀ ਸੀ।
ਏਥੇ ਹੀ ਬੱਸ ਨਹੀਂ ਸੀ, ਅੱਗੇ ਨਦੀ ਚੜ੍ਹੀ ਸੀ।
ਡੋਲੇ, ਝੰਵੇਂ ਨਾ ਉੱਕਾ, ਇਕ ਕਹਿਰ ਸੀ ਤੂਫ਼ਾਨੀ।
ਉਸ ਕਲਗੀਧਰ ਪਿਤਾ ਦਾ, ਹੋਇਆ ਨਾ ਕੋਈ ਸਾਨੀ।
ਇੱਕ, ਸਿੱਖ ਭੁੱਖੇ ਭਾਣੇ, ਦੂਜੇ ਹੋ ਬੇ-ਹਥਿਆਰੇ।
ਏਦਾਂ ਹੀ ਲੜਦੇ ਲੜਦੇ, ਕੁਝ ਜੂਝ ਗਏ ਵਿਚਾਰੇ।
ਬਾਕੀ ਬਚੇ ਜੋ ਥੋੜੇ ਮੁਸੀਬਤਾਂ ਦੇ ਮਾਰੇ।
ਸਰਸਾ ਨਦੀ 'ਚ ਠਿਲ੍ਹੇ, ਕਰਤਾਰ ਦੇ ਸਹਾਰੇ।
ਕੁਝ ਹੜ੍ਹ ਨਾਲ ਰੁੜ੍ਹ ਗਏ, ਕੁਝ ਲੱਗ ਗਏ ਕਿਨਾਰੇ।
ਵਿਛੜੀ ਸੀ ਮਾਤ ਗੁਜਰੀ, ਲੈ ਨਾਲ ਦੋ ਦੁਲਾਰੇ।
ਨਿਖੜੇ ਦੋ ਲਾਲ ਵੱਡੇ, ਕੁਝ ਸਿੱਖ ਸਨ ਪਿਆਰੇ।
ਸਤਿਗੁਰ ਸਮੇਤ ਸੱਭੇ, ਤਨ ਮਨ ਤੋਂ ਨਹੀਂ ਸੀ ਹਾਰੇ।
ਏਨੀ ਹੋਈ ਸੀ ਹਾਨੀ, ਤਾਂ ਵੀ ਨਾ ਹੋਈ ਹੈਰਾਨੀ।
ਧੰਨ ਗੁਰੂ ਗੋਬਿੰਦ ਸੂਰਾ, ਜਿਸਦਾ ਨਾ ਕੋਈ ਸਾਨੀ।
ਸੀ ਅੱਗੇ ਅੱਗੇ ਜਾਂਦੇ, ਉਹ ਸੰਤ ਤੇ ਸਿਪਾਹੀ।
ਗਿਣਤੀ 'ਚ ਸਨ ਚਾਲੀ, ਉਹ ਸਿਦਕਵਾਨ ਰਾਹੀ।
ਲਾਲਾਂ ਦੀ ਨਾਲ ਜੋੜੀ, ਜਿਉਂ ਮੂਰਤਾਂ ਇਲਾਹੀ।
ਲੱਗੀ ਬੇ-ਗਿਣਤ ਪਿਛੇ, ਸੀ ਫ਼ੌਜ ਬਾਦਸ਼ਾਹੀ।


www.AKJ.Org

ਕੱਚੀ ਗੜ੍ਹੀ 'ਚ ਘਿਰ ਗਏ, ਆਖ਼ਰ ਉਹ ਬੇ-ਗੁਨਾਹੀ।
ਦਸ ਲੱਖ ਦਾ ਸੀ ਘੇਰਾ, ਇਤਿਹਾਸ ਦੀ ਗਵਾਹੀ।
ਪਰ ਕੱਲ੍ਹੇ ਕੱਲ੍ਹੇ ਸਿੰਘ ਨੇ, ਸੀ ਇੰਜ ਤੇਗ ਵਾਹੀ।
ਕਿ ਸਵਾ ਸਵਾ ਲੱਖ ਦੀ, ਸੀ ਕੀਤੀ ਬੁਰੀ ਤਬਾਹੀ।
ਦੋ ਲਾਲ ਸਣੇ ਸਿੰਘਾਂ, ਸੀ ਜੂਝ ਗਏ ਮੈਦਾਨੀਂ।
ਦਸਮੇਸ਼ ਜੀ ਦਾ ਜੱਗ ਤੇ, ਹੋਇਆ ਨਾ ਕੋਈ ਸਾਨੀ।
ਪੰਜਾਂ ਦਾ ਹੁਕਮ ਲੈ ਕੇ, ਗੋਬਿੰਦ ਅਖ਼ੀਰ ਨਿਕਲੇ।
ਉੱਚੀ ਆਵਾਜ਼ ਦੇ ਕੇ, ਫੜ ਕੇ ਸ਼ਮਸ਼ੀਰ ਨਿਕਲੇ।
ਨਿਕਲੇ ਗੜ੍ਹੀ ਚੋਂ ਬਾਹਰ, ਭਥਿਓਂ ਜਿਉਂ ਤੀਰ ਨਿਕਲੇ।
ਜਾਂ ਕੁਟੀਆ ਆਪਣੀ 'ਚੋਂ, ਕੋਈ ਸ਼ਾਹੀ ਫ਼ਕੀਰ ਨਿਕਲੇ।
ਦੋ ਸਿੱਖ ਨਾਲ ਉਹਨਾਂ ਦੇ ਸੂਰਬੀਰ ਨਿਕਲੇ।
ਉਹ ਹੋਣੀਆਂ ਦੇ ਹਾਣੀ, ਫ਼ੌਜਾਂ ਨੂੰ ਚੀਰ ਨਿਕਲੇ।
ਸਿੱਖ ਕੌਮ ਦੀ ਬਣਾ ਕੇ, ਉਹ ਤਕਦੀਰ ਨਿਕਲੇ।
ਤੇ ਦੁਸ਼ਮਣ ਨਾ ਬੁੱਝ ਸਕੇ, ਸਿੱਖਾਂ ਦੇ ਪੀਰ ਨਿਕਲੇ।
ਕੁਰਬਾਨੀਆਂ ਦੇ ਸੰਗ ਜੀਹਦੀ, ਭਰੀ ਸੀ ਜ਼ਿੰਦਗਾਨੀ।
ਐਸੇ ਗੁਰੂ ਦਾ ਜੱਗ ਤੇ, ਹੋਇਆ ਨਾ ਕੋਈ ਸਾਨੀ।
ਰਾਜ਼ੀ ਰਜ਼ਾ 'ਚ ਰਹਿ ਕੇ, ਦਸਮੇਸ਼ ਕੱਲਾ-ਕਾਰਾ।
ਕੰਡਿਆਂ ਤੇ ਜਾ ਰਿਹਾ ਸੀ, ਲੈ ਰੱਬ ਦਾ ਸਹਾਰਾ।
ਮੰਜ਼ਲ ਅਨੋਖੀ ਉਹਦੀ, ਰਾਹੀ ਸੀ ਉਹ ਨਿਆਰਾ।
ਔਖੀ ਬੜੀ ਸੀ ਘਾਟੀ, ਬਿਖੜਾ ਸੀ ਪੰਧ ਭਾਰਾ।
ਨਾ ਸਿੰਘ ਨਾਲ ਕੋਈ, ਨਾ ਮਾਤ, ਨਾ ਦੁਲਾਰਾ।
ਨੀਲਾ ਨਾ ਬਾਜ਼ ਕਲਗੀ, ਕੋਈ ਸਾਥ ਨਾ ਪਿਆਰਾ।
ਜਾਂ ਮਾਛੀਵਾੜੇ ਸੁੱਤਾ, ਲੁਟਾ ਕੇ ਬੰਸ ਸਾਰਾ।
ਤੇ ਕਹਿ ਰਿਹਾ ਸੀ 'ਤੇਰਾ, ਚੰਗਾ ਏ ਸੱਥਰ ਯਾਰਾ'।
ਸੀ ਵਾਰ ਦਿੱਤਾ ਜਿਸ ਨੇ, ਬਚਪਨ ਅਤੇ ਜਵਾਨੀ।
ਐਸ ਗੁਰੂ ਪਿਤਾ ਦਾ, ਹੋਇਆ ਨਾ ਕੋਈ ਸਾਨੀ।
ਨੀਹਾਂ 'ਚ ਲਾਲ ਚਿਣ ਕੇ, ਜ਼ਾਲਮ ਨੇ ਲਾਹੀ ਲੋਈ।
ਧਰਤੀ ਦਾ ਜਿਗਰ ਪਾਟਾ, ਅੰਬਰ ਦੀ ਅੱਖ ਚੋਈ।
ਤਦ ਹਰ ਇਕ ਸੁਣਨ ਵਾਲੇ, ਦੀ ਆਤਮਾ ਸੀ ਰੋਈ।
ਪਰ ਗੋਬਿੰਦ ਗੁਰੂ ਦੇ ਦਿਲ ਤੇ, ਗੁੱਸਾ ਨਹੀਂ ਸੀ ਕੋਈ।
ਉਸ ਸਿੰਘ ਕੱਠੇ ਕਰ ਕੇ, ਇਕ ਲੜੀ ਸੀ ਪਰੋਈ।
ਤੇ ਭਰੀ ਉਹਨਾਂ ਅੰਦਰ, ਰੂਹ ਨਵੀਂ ਤੇ ਨਰੋਈ।
ਉਸ ਇੱਕ ਅਕਾਲ ਅੱਗੇ, ਕੀਤੀ ਸੀ ਇਹ ਅਰਜ਼ੋਈ।
ਲੱਖ ਸ਼ੁਕਰ ਹੈ ਕਿ ਤੇਰੀ ਅਮਾਨਤ ਅਦਾ ਹੈ ਹੋਈ।


www.AKJ.Org

# ੧੯੧੪-੧੫ ਦੇ ਆਜ਼ਾਦੀ ਦੇ ਮੋਢੀ

[ਗਿਆਨੀ ਨਾਹਰ ਸਿੰਘ ਜੀ, ਗੁਜਰਵਾਲ]

ਗਿ: ਨਾਹਰ ਸਿੰਘ ਜੀ ਗੁਜਰਵਾਲ ਦਾ ਇਹ ਟ੍ਰੈਕਟ ਇਤਿਹਾਸਕ ਮਹਾਨਤਾ ਵਾਲਾ ਹੈ। ਇਸ ਦੀ ਸੰਭਾਲ ਕਰਨ ਲਈ ਇਸ ਨੂੰ 'ਸੂਰਾ'-ਪਾਠਕਾਂ ਦੇ ਪੇਸ਼ ਕੀਤਾ ਜਾ ਰਿਹਾ ਹੈ।

—ਸੰਪਾਦਕ

ਅੰਗਰੇਜ਼ਾਂ ਨੇ ਹਿੰਦੁਸਤਾਨ ਵਿਚ ਦੋ ਸੌ ਵਰ੍ਹੇ ਦੇ ਲਗ ਪਗ ਰਾਜ ਕੀਤਾ। ਉਹ ਵਪਾਰੀ ਦੀ ਸ਼ਕਲ ਵਿਚ ਆਏ ਤੇ ਇਥੋਂ ਦੀ ਰਾਜਸੀ ਹਾਲਤ ਦਾ ਫ਼ਾਇਦਾ ਉਠਾ ਕੇ "ਪਾੜੋ ਤੇ ਰਾਜ ਕਰੋ" ਦੀ ਨੀਤੀ ਅਨੁਸਾਰ ਵਰਤੋਂ ਕਰਦੇ ਹੋਏ ਸਾਰੇ ਹਿੰਦੁਸਤਾਨ ਉਤੇ ਛਾ ਗਏ। ਓੜਕ ਇਸੇ ਨੀਤੀ ਅਨੁਸਾਰ ਹਿੰਦੁਸਤਾਨ ਦੇ ਟੁਕੜੇ ਕਰ ਕੇ ਇਥੋਂ ਚਲੇ ਗਏ।

ਅੰਗਰੇਜ਼ਾਂ ਦੇ ਆਉਣ ਨਾਲ ਹਿੰਦੁਸਤਾਨ ਤੇ ਇਕ ਸਹਿਮ ਛਾ ਗਿਆ। ਜਿਹੜੇ ਹਿੰਦੁਸਤਾਨੀ ਕਦੇ ਰਾਜ ਭਾਗ ਦੇ ਮਾਲਕ ਸਨ ਉਨ੍ਹਾਂ ਨੂੰ ਹੁਣ ਚੰਗੀਆਂ ਨੌਕਰੀਆਂ ਮਿਲਣੀਆਂ ਭੀ ਔਖੀਆਂ ਹੋ ਗਈਆਂ। ਅੰਗਰੇਜ਼ਾਂ ਨੇ ਹਿੰਦੁਸਤਾਨ ਵਿਚ ਨਸਲ ਤੇ ਰੰਗ ਦੀ ਨਫ਼ਰਤ ਦਾ ਬੀਜ ਬੋਇਆ। ਉਹ ਆਪਣੇ ਆਪ ਨੂੰ "ਸਾਹਿਬ ਲੋਕ" ਅਖਵਾਂਦੇ ਸਨ ਤੇ ਹਿੰਦੁਸਤਾਨੀਆਂ ਨੂੰ "ਕਾਲਾ ਲੋਕ" ਕਹਿ ਕੇ ਪੁਕਾਰਦੇ ਸਨ। ਅੰਗਰੇਜ਼ ਨੇ ਆਪਣਾ ਕੰਮ ਚਲਾਉਣ ਲਈ ਹਿੰਦੁਸਤਾਨੀਆਂ ਨੂੰ ਆਪਣੇ ਢੰਗ ਅਨੁਸਾਰ ਵਿਦਿਆ ਦਿਤੀ। ਜਿਸ ਦਾ ਅਸਰ ਇਹ ਹੋਇਆ ਕਿ ਹਿੰਦੁਸਤਾਨੀਆ ਦਾ ਬਾਹਰਲੇ ਮੁਲਕਾਂ ਨਾਲ ਸੰਬੰਧ ਪੈ ਗਿਆ। ਉਨ੍ਹਾਂ ਨੂੰ ਸ੍ਵੈਮਾਣ, ਸੁਤੰਤਰਤਾ ਤੇ ਪਰਾਈ ਗ਼ੁਲਾਮੀ ਦਾ ਅਹਿਸਾਸ ਹੋਣ ਲਗਾ। ਜਦ ਹਿੰਦੁਸਤਾਨੀ ਇੰਗਲੈਂਡ ਜਾਂਦੇ ਸਨ ਤਾਂ ਉਥੋਂ ਦੇ ਲੋਕ ਇਨ੍ਹਾਂ ਨੂੰ ਨੀਵੇਂ ਸਮਝ ਕੇ ਨਫ਼ਰਤ ਕਰਦੇ ਸਨ। ਅਮ੍ਰੀਕਾ ਆਦਿ ਦੇ ਲੋਕ ਇਨ੍ਹਾਂ ਨੂੰ ਗ਼ੁਲਾਮ ਕਹਿ ਕੇ ਮੇਹਣੇ ਮਾਰਦੇ ਸਨ। ਜਿਸ ਕਰਕੇ ਹਿੰਦੁਸਤਾਨੀਆਂ ਦੀ ਅਣਖ ਹੋਰ ਚਮਕਦੀ ਸੀ। ਇਸ ਲਈ ਸਮੇਂ ਸਮੇਂ ਸਿਰ ਹਿੰਦੁਸਤਾਨੀਆਂ ਨੇ ਆਪਣੇ ਦੇਸ ਨੂੰ ਅਜ਼ਾਦ ਕਰਨ ਲਈ ਕਈ ਯਤਨ ਕੀਤੇ। ਕਈ ਵਾਰ

---

ਰੱਖੀ ਨ ਕੋਲ ਜਿਸ ਨੇ, ਕੋਈ ਆਪਣੀ ਨਿਸ਼ਾਨੀ।
ਐਸੇ ਗੁਰੂ ਦਾ ਜੱਗ ਤੇ, ਹੋਇਆ ਨਾ ਕੋਈ ਸਾਨੀ।
ਛੱਡ ਕੇ ਪੰਜਾਬ ਆਖ਼ਰ, ਲੈ ਨਵਾਂ ਕੋਈ ਨਿਸ਼ਾਨਾ।
ਪੁੱਜਾ ਨਾਂਦੇੜ ਅੰਦਰ, ਉਹ ਦੁਸ਼ਟ-ਦਮਨ ਦਾਨਾ।
ਬੰਦਾ ਬੈਰਾਗੀ ਓਥੇ, ਇਕ ਸਾਧ ਸੀ ਦੀਵਾਨਾ।
ਸਿੱਧੇ ਰਾਹ ਪਾਇਆ ਉਹਨੂੰ, ਤੇ ਕਿਹਾ 'ਸ਼ਕਤੀਵਾਨਾ!
ਤੂੰ ਜਗਤ ਵਲੋਂ ਹੋਇਆ ਏਂ, ਬੜਾ ਬੇ-ਧਿਆਨਾ।
ਕੀ ਲਾਭ ਤੇਰੇ ਬਲ ਦਾ, ਜਦ ਰੋ ਰਿਹਾ ਜ਼ਮਾਨਾ।'
ਬਣ ਪੰਥ-ਆਗੂ ਆਖ਼ਰ, ਲੈ ਸ਼ਕਤ ਦਾ ਖਜ਼ਾਨਾ।
ਤੇ ਹੋ ਗਿਆ ਸੀ 'ਬੰਦਾ', ਪੰਜਾਬ ਨੂੰ ਰਵਾਨਾ।
ਗਏ ਸੱਚਖੰਡ ਵਾਪਸ, 'ਕੋਮਲ' ਸਰਬੰਸ-ਦਾਨੀ।
ਦਸਮੇਸ਼ ਜੀ ਦਾ ਜੱਗ ਤੇ, ਹੋਇਆ ਨਾ ਕੋਈ ਸਾਨੀ।

["ਰਤੇ ਇਸ਼ਕ ਖੁਦਾਇ" ਪੁਸਤਕ ਵਿਚੋਂ]



www.AKJ.Org

ਐਸਾ ਭੀ ਹੋਇਆ ਕਿ ਜਦ ਕਦੇ ਕਿਸੇ ਹਿੰਦੁਸਤਾਨੀ ਦੀ ਅਣਖ ਨੂੰ ਦੇਸ ਪ੍ਰਦੇਸ ਵਿਚ ਕਿਸੇ ਥਾਂ ਵੰਗਾਰਿਆ ਗਿਆ, ਤਾਂ ਉਹ ਮੇਹਣਾ ਮਾਰਨ ਵਾਲੇ ਨੂੰ ਸੋਧ ਕੇ ਆਪ ਸ਼ਹੀਦ ਹੋ ਗਿਆ। ੧੮੫੦ ਤੋਂ ਲੈ ਕੇ ੧੯੪੭ ਤਕ ਸੌ ਬਰਸ ਦੇ ਅੰਦਰ ਹਿੰਦੁਸਤਾਨ ਨੂੰ ਅਜ਼ਾਦ ਕਰਾਉਣ ਲਈ ਸੱਤ ਲਹਿਰਾਂ ਚੱਲੀਆਂ :—

੧. ੧੮੫੭ ਦਾ ਗ਼ਦਰ :—ਜੋ ੧੦ ਮਈ ਨੂੰ ਮੇਰਠ ਤੋਂ ਸ਼ੁਰੂ ਹੋਇਆ ਅਤੇ ਕੁਝ ਮਹੀਨਿਆਂ ਵਿਚ ਹੀ ਖ਼ਤਮ ਹੋ ਗਿਆ।

੨. ਕੂਕਿਆਂ ਦੀ ਲਹਿਰ—ਸੰ: ੧੮੭੨।

੩. ੧੯੦੬-੭ ਦੀ ਲਹਿਰ :—ਜੋ ਤਕਸੀਮ ਬੰਗਾਲ ਅਤੇ ਪੰਜਾਬ ਵਿਚ ਬਾਰ ਦੀਆਂ ਜ਼ਮੀਨਾਂ ਦੀ ਮਲਕੀਅਤ ਸੰਬੰਧੀ ਸੀ।

੪. ੧੯੧੪-੧੫ ਦੇ ਗ਼ਦਰ ਦੀ ਲਹਿਰ :—ਜੋ ੧੯੧੩ ਵਿਚ ਅਮ੍ਰੀਕਾ ਤੋਂ ਸ਼ੁਰੂ ਹੋ ਕੇ ਮਾਰਚ ੧੯੧੫ ਤਕ ਜਾਰੀ ਰਹੀ।

੫. ਕਾਂਗਰਸ ਦੀ ਲਹਿਰ :—ਜੋ ੧੮੮੫ ਤੋਂ ਸ਼ੁਰੂ ਹੋ ਕੇ ੧੯੪੬-੪੭ ਵਿਚ ਮੌਜੂਦਾ ਹਿੰਦ ਸਰਕਾਰ ਦੀ ਸੂਰਤ ਅਖ਼ਤਿਆਰ ਕਰ ਗਈ।

੬. ਅਜ਼ਾਦ ਹਿੰਦ ਫ਼ੌਜ ਦੀ ਲਹਿਰ :—ਜੋ ੧੯੪੩-੪੪ ਵਿਚ ਜਰਮਨੀ ਤੇ ਜਪਾਨ ਵਿਚ ਜਾਰੀ ਹੋਈ ਅਤੇ ੧੯੪੫ ਵਿਚ ਖ਼ਤਮ ਹੋਈ।

੭. ਅਕਾਲੀ ਲਹਿਰ :—ਜੋ ੧੯੨੦ ਤੋਂ ਲੈ ਕੇ ੧੯੨੬ ਤਕ ਜਾਰੀ ਰਹੀ। ਇਹ ਭਾਵੇਂ ਗੁਰਦੁਆਰਾ ਸੁਧਾਰ ਲਹਿਰ ਸੀ, ਪਰ ਸਰਕਾਰ ਦੇ ਵਿਚ ਦਖ਼ਲ ਦੇਣ ਨਾਲ ਤੇ ਛੇਤੀ ਚੰਗੇ ਤਰੀਕੇ ਨਾਲ ਨਾ ਸੁਲਝਾ ਸਕਣ ਅਤੇ ਮਹਾਰਾਜਾ ਰਿਪਦਮਣ ਸਿੰਘ (ਗੁਰਚਰਨ ਸਿੰਘ) ਨਾਭਾ ਦੇ ਗੱਦੀ ਤੋਂ ਉਤਾਰੇ ਜਾਣ ਦੇ ਮਾਮਲੇ ਦੇ ਵਿਚ ਆ ਜਾਣ ਕਾਰਨ ਇਸ ਲਹਿਰ ਦੀ ਸਿੱਧੀ ਟੱਕਰ ਗੌਰਮਿੰਟ ਨਾਲ ਹੋ ਗਈ, ਜਿਸ ਵਿਚ ਬੇ-ਅੰਤ ਸਿੰਘ ਨਾਭੇ ਦੇ ਬੀੜਾਂ ਵਿਚ ਸ਼ਹੀਦ ਹੋ ਗਏ। ਏਸੇ ਦੇ ਵਿਚੋਂ ਹੀ ਬੱਬਰ ਅਕਾਲੀ ਲਹਿਰ ਚਲੀ, ਜਿਸ ਵਿਚ ਸ: ਕਰਮ ਸਿੰਘ ਦੌਲਤਪੁਰ ਪੁਲਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ। ਸ: ਕਰਮ ਸਿੰਘ ਝਿੰਗੜ ਨੂੰ ਉਮਰ ਕੈਦੀ ਹੋਈ, ਜੋ ਜੇਲ੍ਹ ਵਿਚ ਚਲਾਣਾ ਕਰ ਗਏ। ਸ: ਧੰਨਾ ਸਿੰਘ, ਸ: ਦਲੀਪ ਸਿੰਘ ਉਮਰ ਕੈਦ ਹੋਏ, ਜੋ ਬੀਮਾਰੀ ਕਾਰਨ ਰਿਹਾ ਹੋ ਕੇ ਫੇਰ ਕਈ ਵਾਰ ਜੇਲ੍ਹ ਗਏ ਤੇ ਹੁਣ ਅਕਾਲੀ ਜਥਾ ਜਲੰਧਰ ਦੇ ਜਥੇਦਾਰ ਹਨ। ਸ: ਰਤਨ ਸਿੰਘ ਆਦਿ। ਏਸ ਸਾਰੀ ਲਹਿਰ ਦਾ ਅਸਰ ਮੁਲਕ ਦੀ ਰਾਜਸੀ, ਧਾਰਮਿਕ, ਸਮਾਜਕ ਤੇ ਮਾਲੀ ਹਾਲਤ ਤੇ ਖ਼ਾਸ ਤੌਰ ਪਰ ਪਿਆ।

ਜਿਸ ਜਿਸ ਸਜਣ ਨੇ ਜਦ ਕਦੇ ਭੀ ਇੱਕੜ ਦੁੱਕੜ ਹਾਲਤ ਵਿਚ ਜਾਂ ਕਿਸੇ ਜਥੇਬੰਦੀ ਦੀ ਹਾਲਤ ਵਿਚ ਦੇਸ਼ ਧਰਮ ਲਈ ਤਨ, ਮਨ, ਧਨ ਦੁਆਰਾ ਕਿਸੇ ਕਿਸਮ ਦੀ ਸੇਵਾ ਕੁਰਬਾਨੀ ਕੀਤੀ, ਉਹ ਸਭ ਧੰਨਤਾ ਯੋਗ ਹਨ। ਸਭ ਦਾ ਅਸੀਂ ਦਿਲੋਂ ਸਨਮਾਨ ਤੇ ਸਤਿਕਾਰ ਕਰਦੇ ਹਾਂ। ਇਸ ਲੇਖ ਵਿਚ ਸਾਡਾ ਖ਼ਾਸ ਸੰਬੰਧ ੧੯੧੪-੧੫ ਦੀ ਅਜ਼ਾਦੀ ਦੀ ਲਹਿਰ ਨਾਲ ਹੈ। ਸੋ ਅਸੀਂ ਇਸ ਸੰਬੰਧੀ ਆਪਣੇ ਦੇਸ਼-ਵਾਸੀਆਂ ਤੇ ਵੇਲੇ ਦੀ ਸਰਕਾਰ ਨੂੰ ਇਸ ਲਹਿਰ ਦੀ ਭੇਟ ਹੋਏ ਪ੍ਰਵਾਨਿਆਂ ਬਾਰੇ ਲੋੜੀਂਦੀ ਸੂਚਨਾ ਕਰਾਉਣੀ ਜ਼ਰੂਰੀ ਸਮਝਦੇ ਹਾਂ।

**੧੯੧੪-੧੫ ਦੀ ਆਜ਼ਾਦੀ ਦੀ ਲਹਿਰ—**

ਹਿੰਦੁਸਤਾਨੀਆਂ ਨਾਲ ਇੰਗਲੈਂਡ, ਕੈਨੇਡਾ ਤੇ ਅਮ੍ਰੀਕਾ ਆਦਿ ਦੇਸ਼ਾਂ ਵਿਚ ਨਸਲ, ਰੰਗ ਤੇ ਪ੍ਰਾਧੀਨ ਹੋਣ ਦੇ ਲਿਹਾਜ਼ ਨਾਲ ਜੋ ਭੈੜਾ ਸਲੂਕ ਹੋ ਰਿਹਾ ਸੀ, ਇਹ ਕਾਰਨ ਸਨ ਜਿਸ ਕਰਕੇ ਇਹ ਲਹਿਰ ਅਮ੍ਰੀਕਾ ਕੈਨੇਡਾ ਤੋਂ ੧੯੧੩ ਵਿਚ ਸ਼ੁਰੂ ਹੋਈ। ਅਜ਼ਾਦੀ ਦਾ ਪਰਚਾਰ ਕਰਨ ਲਈ ਇਕ ਗ਼ਦਰ ਨਾਮ ਦਾ ਰਸਾਲਾ



www.AKJ.Org

ਕੱਢਿਆ ਗਿਆ। ਇਸ ਲਹਿਰ ਦਾ ਨਾਉਂ ਗ਼ਦਰ ਦੀ ਲਹਿਰ ਰਖਿਆ ਗਿਆ। ਅਜ਼ਾਦੀ ਦਾ ਇਹ ਉਦਮ ਓਦੋਂ ਸ਼ੁਰੂ ਹੋਇਆ, ਜਦੋਂ ਅੰਗਰੇਜ਼ੀ ਰਾਜ ਹਿੰਦੁਸਤਾਨ ਵਿਚ ਆਪਣੇ ਪੂਰੇ ਜੋਬਨ ਤੇ ਸੀ ਤੇ ਪ੍ਰੈਸ ਤੇ ਪਲੈਟ-ਫ਼ਾਰਮ ਰਾਹੀਂ ਅੰਗਰੇਜ਼ ਦੀ ਰਾਜ-ਭਗਤੀ ਦਾ ਪ੍ਰਚਾਰ ਪੂਰੇ ਜ਼ੋਰ ਸ਼ੋਰ ਨਾਲ ਕੀਤਾ ਜਾ ਰਿਹਾ ਸੀ। ਜਿਸ ਦੇਸ਼-ਭਗਤੀ ਨੂੰ ਇੰਗਲੈਂਡ ਅਤੇ ਦੂਜਿਆਂ ਮੁਲਕਾਂ ਵਿਚ ਸਤਿਕਾਰਿਆ ਜਾਂਦਾ ਸੀ, ਉਸ ਨੂੰ ਹਿੰਦੁਸਤਾਨ ਵਿਚ ਦੁਰਕਾਰਿਆ ਜਾਂਦਾ ਸੀ। ਉਸ ਵੇਲੇ ਇਸ ਹਾਲਤ ਸੰਬੰਧੀ ਇਹ ਅਖਾਣ ਬਣ ਗਿਆ ਸੀ– "What is patriotism in England, is sedition in India", ਜਿਸ ਦੇ ਅਰਥ ਹਨ "ਜੋ ਇੰਗਲੈਂਡ ਵਿਚ ਦੇਸ਼-ਭਗਤੀ ਹੈ ਉਹ ਹਿੰਦੁਸਤਾਨ ਵਿਚ ਬਗ਼ਾਵਤ ਹੈ।" ਉਸ ਸਮੇਂ ਅੰਗਰੇਜ਼ੀ ਰਾਜ ਇਤਨਾ ਪ੍ਰਬਲ ਸੀ ਤੇ ਗ਼ੁਲਾਮੀ ਹਿੰਦੁਸਤਾਨੀਆਂ ਦੇ ਦਿਲਾਂ ਵਿਚ ਇਤਨਾ ਘਰ ਕਰ ਚੁਕੀ ਸੀ ਕਿ ਲੋਕਾਂ ਵਿਚ ਆਮ ਜਾਗਰਤ ਨਹੀਂ ਸੀ। ਅੰਗਰੇਜ਼ ਨੂੰ ਖ਼ੁਸ਼ ਕਰ ਕੇ ਰੋਜ਼ੀ ਕਮਾਉਣਾ, ਛੋਟੇ ਮੋਟੇ ਅਹੁਦੇ ਹਾਸਲ ਕਰਨੇ, ਖ਼ਿਤਾਬ, ਜਗੀਰਾਂ ਅਤੇ ਮੁਰੱਬੇ ਲੈਣੇ ਇੱਜ਼ਤ ਦਾ ਸਾਧਨ ਸਮਝਿਆ ਜਾਂਦਾ ਸੀ। ਦਸ਼ਾ ਇਹ ਵਰਤ ਰਹੀ ਸੀ :– ਸੇਰ ਸੇਰ ਆਟੇ ਕੇ ਲਾਗੇ, ਭਾਗੇ ਫਿਰੇਂ ਯਵਨੋਂ ਕੇ ਆਗੇ ॥

ਉਸ ਸਮੇਂ ਅਜ਼ਾਦੀ ਦੇ ਪ੍ਰਵਾਨੇ, ਕੇਵਲ ਦੇਸ਼ ਦੇ ਭਲੇ ਹਿਤ, ਬਿਨਾਂ ਕਿਸੇ ਮਾਣ ਵਡਿਆਈ ਅਤੇ ਕਿਸੇ ਧਨ ਦੇ ਲਾਲਚ ਤੋਂ, ਅਜ਼ਾਦੀ ਦੀ ਸ਼ਮ੍ਹਾ ਪਰ ਕੁਰਬਾਨ ਹੋਣ ਲਈ ਮੈਦਾਨ ਵਿਚ ਨਿਤਰ ਪਏ। ਇਹ ਲਹਿਰ ਨਿਸ਼ਕਾਮ ਦੇਸ਼-ਸੇਵਕਾਂ ਦੀ ਲਹਿਰ ਸੀ। ਇਸ ਵਿਚ ਹਿੰਦੂ ਸਿਖ ਮੁਸਲਮਾਨ ਵਾਲੀ ਨਫ਼ਰਤ ਵਾਲਾ ਵਿਤਕਰਾ ਨਹੀਂ ਸੀ। ਸਚੇ ਅਰਥਾਂ ਵਿਚ ਸੈਕੂਲਰ ਸਟੇਟ ਵਾਲਾ ਜਜ਼ਬਾ ਕੰਮ ਕਰ ਰਿਹਾ ਸੀ। ਇਨ੍ਹਾਂ ਉਪਕਾਰੀ ਸੂਰਬੀਰਾਂ ਦਾ ਮੁਖ ਨਿਸ਼ਾਨਾ ਇਹ ਸੀ :–

## ਗ਼ਦਰ ਸੰਦੇਸਾ

ਹਿੰਦੂ-ਸਿਖ-ਪਠਾਣ ਤੇ ਮੁਸਲਮਾਨੋ, ਫ਼ੌਜਾਂ ਵਾਲਿਓ ਜ਼ਰਾ ਖ਼ਿਆਲ ਕਰਨਾ।
ਦੇਸ਼ ਲੁਟ ਫ਼ਰੰਗੀਆਂ ਲਿਆ ਸਾਡਾ, ਅਸੀਂ ਜੰਗ ਹੁਣ ਇਨ੍ਹਾਂ ਦੇ ਨਾਲ ਕਰਨਾ।
ਕਰ ਕੇ ਦੂਰ ਫ਼ਰੰਗੀਆਂ ਪਾਮਰਾਂ ਨੂੰ, ਰੌਸ਼ਨ ਹਿੰਦ ਨੂੰ ਵਾਂਗ ਮਸ਼ਾਲ ਕਰਨਾ।
ਬੜਾ ਕੰਮ ਕਰਨਾ ਮਰਨੋਂ ਨਹੀਂ ਡਰਨਾ, ਦੇਸ਼ੋਂ ਦੂਰ ਪਲੇਗ ਤੇ ਕਾਲ ਕਰਨਾ।
ਵੇਲਾ ਜੁਧ ਦਾ ਆਣ ਨਜੀਕ ਢੁਕਾ, ਸੁਣ ਕੇ ਜੰਗ ਨੂੰ ਰੰਗ ਨੂੰ ਲਾਲ ਕਰਨਾ।
ਹੋਊ ਜਿਤ ਅਸਾਡੜੀ ਠੀਕ ਵੀਰੋ, ਜੁਧ ਬੜੇ ਪ੍ਰੇਮ ਦੇ ਨਾਲ ਕਰਨਾ।
ਮਾਰ ਮਾਰ ਕੇ ਗੋਰਿਆਂ ਪਾਜੀਆਂ ਨੂੰ, ਸਿਰੋਂ ਦੂਰ ਗ਼ੁਲਾਮੀ ਦਾ ਜਾਲ ਕਰਨਾ।
ਸੁਣ ਕੇ ਗ਼ਦਰ ਦੀ ਖ਼ਬਰ ਨੂੰ ਖ਼ੁਸ਼ੀ ਹੋਣਾ, ਗ਼ਮੀ ਦੂਰ ਤੇ ਚਿਤ ਨਿਹਾਲ ਕਰਨਾ।

ਏਨ੍ਹਾਂ ਨੇ ਉਸ ਵੇਲੇ ਨੰਗੇ ਧੜ ਲੜ ਕੇ ਹਿੰਦੁਸਤਾਨ ਦੀ ਆਜ਼ਾਦੀ ਦਾ ਮੁੱਢ ਬੰਨ੍ਹਿਆ, ਜਦ ਕਿ ਕਾਂਗਰਸ ਤੇ ਮਹਾਤਮਾ ਗਾਂਧੀ ਆਦਿ ਨੇਤਾ ਅੰਗਰੇਜ਼ ਦੀ ਪ੍ਰਸੰਨਤਾ ਹਾਸਲ ਕਰਨ ਲਈ ਉਸ ਨਾਲ ਪੂਰਾ ਮਿਲਵਰਤਣ ਕਰ ਕੇ ਇਸ ਅਗਾਂਹ-ਵਧੂ ਲਹਿਰ ਦੀ ਨਿਖੇਧੀ ਕਰ ਰਹੇ ਸਨ, ਜਦ ਕਿ ਆਪਣੇ ਬੇਗਾਨੇ ਸਭ ਵੈਰੀ ਬਣ ਰਹੇ ਸਨ।

ਚਾਹੇ ੧੮੫੭ ਦੇ ਗ਼ਦਰ ਨੂੰ ਹੁਣ ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਕਿਹਾ ਜਾ ਰਿਹਾ ਹੈ, ਪਰ ਜੇ ਪੂਰੇ ਗਹੁ ਤੇ ਵਿਚਾਰ ਨਾਲ ਇਤਿਹਾਸ ਦੀ ਘਸਵੱਟੀ ਤੇ ਪਰਖ ਕੇ ਦੇਖਿਆ ਜਾਵੇ ਤਦ ੧੯੧੪-੧੫ ਦੀ ਲਹਿਰ ਹੀ ਸਮੁੱਚੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਵਾਲੀ ਸਰਬ ਦੀ ਸਾਂਝੀ ਲਹਿਰ ਸੀ। ੧੮੫੭ ਦੀ ਲਹਿਰ ਤਾਂ ਮੁਗ਼ਲ ਰਾਜ ਨੂੰ ਕਾਇਮ ਕਰਨ ਦਾ ਤਰਲਾ ਸੀ, ਜਿਸ ਕਰਕੇ ਹਿੰਦੁਸਤਾਨ ਲਈ ਔਰੰਗਜ਼ੇਬ ਵਰਗੇ ਬਿਪਤਾ ਦੇ ਦਿਨ ਮੁੜ ਦੇਖਣ ਦਾ ਖ਼ਤਰਾ ਵਿਆਪ ਜਾਣ ਦਾ ਭੈ ਸੀ, ਇਸੇ ਕਰਕੇ ਸਿਖਾਂ



www.AKJ.Org

ਨੇ ਏਸ ਲਹਿਰ ਦਾ ਸਾਥ ਨਹੀਂ ਸੀ ਦਿਤਾ। ਪਰ ੧੯੧੪-੧੫ ਦੀ ਲਹਿਰ ਨਿਰੋਲ ਹਿੰਦੁਸਤਾਨੀਆਂ ਦੇ ਸਾਂਝੇ ਰਾਜ ਵਾਲੀ ਲਹਿਰ ਸੀ, ਏਸੇ ਲਈ ਉਸ ਵੇਲੇ ਝੰਡਾ ਭੀ ਪੀਲਾ, ਲਾਲ ਤੇ ਨੀਲਾ ਤਿਹਾਂ ਰੰਗਾਂ ਦਾ ਬਣਾਇਆ ਗਿਆ ਸੀ। ਪੀਲਾ ਸਿੱਖਾਂ ਦਾ, ਲਾਲ ਹਿੰਦੂਆਂ ਦਾ ਤੇ ਨੀਲਾ ਰੰਗ ਮੁਸਲਮਾਨਾਂ ਦਾ ਸੀ।

ਇਸ ਲਹਿਰ ਦੇ ਸੂਰਮਿਆਂ ਦਾ, ਬੀਜ ਬੀਜਿਆ ਸਫਲਾ ਹੋਇਆ। ੧੯੧੪ ਤੋਂ ਲੈ ਕੇ ੧੯੪੭ ਤਕ ਅੰਗਰੇਜ਼ੀ ਰਾਜ ਦੀ ਕਲਾ ਘਟਦੀ ਹੀ ਗਈ ਤੇ ਓੜਕ ਦੇਸ਼ ਆਜ਼ਾਦ ਹੋ ਗਿਆ। ਪਰ ਜਿਨ੍ਹਾਂ ਦੇਸ਼ ਦੀ ਆਜ਼ਾਦੀ ਦਾ ਮੁੱਢ ਬੰਨ੍ਹਿਆ, ਤੇ ਫੇਰ ਭੀ ਦੇਸ਼-ਸੇਵਾ ਲਈ ਸਦਾ ਡਟੇ ਹੀ ਰਹੇ, ਅੱਜ ਵੇਲੇ ਦੇ ਹਾਕਮ ਤੇ ਦੇਸ਼ ਦੇ ਲੀਡਰ ਉਨ੍ਹਾਂ ਨਿਸ਼ਕਾਮ ਦੇਸ-ਸੇਵਕਾਂ ਨੂੰ ਭੁਲ ਗਏ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਪਹਿਲਾਂ ਫਾਂਸੀ ਚੜ੍ਹ ਕੇ ਸ਼ਹੀਦ ਹੋ ਗਏ, ਬਹੁਤ ਸਾਰੇ ਪਿਛੋਂ ਚਲਾਣਾ ਕਰ ਗਏ, ਹੁਣ ਜੋ ਜੀਉਂਦੇ ਹਨ, ਉਹ ਸਭ ਬੁਢੇ ਹਨ, ਏਨ੍ਹਾਂ ਵਿਚੋਂ ਕਈ ਤਾਂ ਇਤਨੇ ਕਮਜ਼ੋਰ ਹਨ ਕਿ ਉਨ੍ਹਾਂ ਦੀ ਗੁਜ਼ਰਾਨ ਲਈ ਭੀ ਕੋਈ ਸੌਖਾ ਸਾਧਨ ਨਹੀਂ। ਬਹੁਤ ਸਾਰਿਆਂ ਦੀਆਂ ਜਾਇਦਾਦਾਂ ਜ਼ਬਤ ਰਹਿਣ ਕਰਕੇ ਉਨ੍ਹਾਂ ਨੂੰ ਸਾਰੀ ਉਮਰ ਔਖਾ ਹੀ ਝੱਟ ਲੰਘਾਉਣਾ ਪਿਆ।

ਇਹ ਗੱਲ ਦੇਖ ਕੇ ਦੁਖ ਹੁੰਦਾ ਹੈ ਕਿ ਆਜ਼ਾਦੀ ਦੇ ਪ੍ਰਵਾਨੇ ਤਾਂ ਰੋਟੀ ਤੋਂ ਭੀ ਆਤੁਰ ਹਨ ਤੇ ਉਹ ਲੋਕ ਮੌਜਾਂ ਕਰ ਰਹੇ ਹਨ—ਜਿਨ੍ਹਾਂ ਮੁਰੱਬੇ, ਜਾਗੀਰਾਂ ਤੇ ਖ਼ਿਤਾਬਾਂ ਦੇ ਲਾਲਚ ਵਿਚ ਆ ਕੇ ਏਨ੍ਹਾਂ ਦੇਸ਼-ਭਗਤਾਂ ਨੂੰ ਫੜਾਇਆ, ਏਨ੍ਹਾਂ ਵਿਰੁਧ ਮੁਕੱਦਮੇ ਬਣਾਏ, ਗਵਾਹੀਆਂ ਦਿਤੀਆਂ। ਜਿਨ੍ਹਾਂ ਨੌਕਰ ਹੁੰਦਿਆਂ ਡਿਊਟੀ ਵਜੋਂ ਕੁਝ ਕੀਤਾ, ਯਾ ਜੋ ਕਿਸੇ ਮਜਬੂਰੀ ਦੇ ਕਾਰਨ, ਡਰ ਅਥਵਾ ਕਿਸੇ ਔਕੁੜ ਦੇ ਸਬੱਬ ਕੁਝ ਕਰ ਬੈਠੇ, ਉਨ੍ਹਾਂ ਦੀ ਪੋਜ਼ੀਸ਼ਨ ਤਾਂ ਸਮਝ ਵਿਚ ਆ ਸਕਦੀ ਹੈ, ਤੇ ਉਨ੍ਹਾਂ ਦੀ ਹਾਲਤ ਪਰ ਚਸ਼ਮ-ਪੋਸ਼ੀ ਭੀ ਕੀਤੀ ਜਾ ਸਕਦੀ ਹੈ, ਪਰ ਜਿਨ੍ਹਾਂ ਕੇਵਲ ਸਵਾਰਥ ਹੀ ਮੁਖ ਰਖਿਆ ਹੋਇਆ ਸੀ, ਤੇ ਅੱਜ ਆਪਣੇ ਦੇਸ਼ ਨਾਲ ਟੋਡੀਪੁਣਾ ਕਰ ਕੇ ਅਯੋਗ ਫ਼ਾਇਦਾ ਉਠਾ ਰਹੇ ਹਨ, ਉਨ੍ਹਾਂ ਟੋਡੀਆਂ ਨੂੰ ਬੇ-ਕਸੂਰ ਨਹੀਂ ਸਮਝਿਆ ਜਾ ਸਕਦਾ। ਉਨ੍ਹਾਂ ਸੰਬੰਧੀ ਤਾਂ ਇਹੋ ਅਖਾਣ ਘਟਦਾ ਹੈ "ਕੱਲ ਦੇ ਟੋਡੀ ਅੱਜ ਦੇ ਚੌਧਰੀ।"

ਇਸ ਲਈ ਅਸੀਂ ਸਰਕਾਰ ਪੰਜਾਬ ਸਰਕਾਰ ਹਿੰਦ ਨੂੰ ਚੇਤਾਵਨੀ ਕਰਾਉਂਦੇ ਹਾਂ ਕਿ ਉਹ ਇਨ੍ਹਾਂ ਸਜਣਾਂ ਦੀ ਪਿਛਲੀ ਉਮਰੇ ਸੰਭਾਲ ਕਰੇ, ਤਾਕਿ ਜੋ ਥੋੜੇ ਬਹੁਤੇ ਜੀਉਂਦੇ ਹਨ, ਉਹ ਆਪਣੇ ਚੰਦ ਦਿਨ ਸੁਖ ਦੇ ਲੰਘਾ ਸਕਣ। ਇਹ ਉਹ ਸਜਣ ਹਨ, ਜਿਨ੍ਹਾਂ ਦਾ ਅਜੇ ਤਕ ਪੁਲਿਸ ਦੀ ਨਿਗਰਾਨੀ ਤੋਂ ਖਹਿੜਾ ਨਹੀਂ ਛੁਟਿਆ, ਜਿਨ੍ਹਾਂ ਵਿਚੋਂ ਕਈਆਂ ਦਾ ਜ਼ਿੰਦਗੀ ਭਰ ਦਾ ਸਾਰਾ Career (ਕੈਰੀਅਰ) ਤਬਾਹ ਹੋ ਗਿਆ। ਜੇ ਹੁਣ ਮੁਲਕ ਦੀ ਕੌਮੀ ਸਰਕਾਰ ਇਨ੍ਹਾਂ ਦੀ ਸੰਭਾਲ ਨ ਕਰੇਗੀ ਤਾਂ ਹੋਰ ਇਹ ਫ਼ਰਜ਼ ਕਿਸ ਦਾ ਹੈ?*

ਇਸ ਦੇ ਨਾਲ ਹੀ ਛੇਤੀ ਲੋੜੀਂਦੀ ਕਰਨ ਵਾਲੀ ਗੱਲ ਇਹ ਹੈ ਕਿ ਜਿਨ੍ਹਾਂ ਲੋਕਾਂ ਨੇ ਇਨ੍ਹਾਂ ਦੇ ਵਿਰੁਧ ਟੋਡੀਪੁਣਾ ਕਰ ਕੇ ਆਪਣੇ ਹਥ ਮੁਰੱਬਿਆਂ, ਜਗੀਰਾਂ ਤੇ ਖ਼ਿਤਾਬਾਂ ਨਾਲ ਰੰਗੇ, ਉਨ੍ਹਾਂ ਦੇ ਮੁਰੱਬੇ, ਇਨਾਮ, ਜਗੀਰਾਂ ਸਭ ਜ਼ਬਤ ਕਰ ਕੇ ੧੯੧੪-੧੫ ਵਾਲੇ ਸੱਜਣਾਂ ਵਿਚ ਵੰਡ ਦੇਣੇ ਚਾਹੀਦੇ ਹਨ, ਤਾਕਿ ਪੂਰਾ ਇਨਸਾਫ਼ ਹੋ ਸਕੇ। ਚਾਹੀਦਾ ਤਾਂ ਇਹ ਹੈ ਕਿ ਏਨ੍ਹਾਂ ਟੋਡੀਆਂ ਨੂੰ ਜੇਲ੍ਹ ਦੀ ਹਵਾ ਭੀ ਲਵਾ ਦਿਤੀ ਜਾਵੇ। ਜੇ ਇਹ ਨਹੀਂ ਹੋ ਸਕਦਾ ਤਾਂ ਉਨ੍ਹਾਂ ਨੂੰ ਤੇ ਉਨ੍ਹਾਂ ਦੀ ਔਲਾਦ ਨੂੰ ਸਰਕਾਰੀ ਨੌਕਰੀਆਂ, ਜ਼ੈਲ-ਦਾਰੀਆਂ, ਨੰਬਰਦਾਰੀਆਂ ਆਦਿ ਕੋਈ ਜ਼ਿੰਮੇਵਾਰੀ ਦੀਆਂ ਪੁਜ਼ੀਸ਼ਨਾਂ ਕਦਾਚਿਤ ਭੀ ਨਹੀਂ ਮਿਲਣੀਆਂ ਚਾਹੀਦੀਆਂ।

ਏਨ੍ਹਾਂ ਦੇਸ਼-ਭਗਤਾਂ ਦੀ ਯਾਦ ਤਾਜ਼ਾ ਕਰਾਉਣ ਲਈ ਅਸੀਂ ਉਨ੍ਹਾਂ ਵਿਚੋਂ ਜਿਨ੍ਹਾਂ ਦੇ ਨਾਮ ਤੇ ਥਾਂ

---

* ਸਰਕਾਰ ਨੇ ਅਜ਼ਾਦੀ ਲਈ ਕੁਰਬਾਨੀਆਂ ਦੇਣ ਵਾਲਿਆਂ ਨੂੰ ਕੁਝ ਪੈਨਸ਼ਨਾਂ ਹੁਣ ਲਾ ਦਿਤੀਆਂ ਹਨ।


www.AKJ.Org

ਸਾਨੂੰ ਮਿਲ ਸਕੇ ਹਨ, ਉਨ੍ਹਾਂ ਦੀ ਫ਼ਹਿਰਿਸਤ ਹੇਠ ਦਰਜ ਕਰਦੇ ਹਾਂ। ੧੯੧੪-੧੫ ਵਿਚ ਲਾਹੌਰ ਤੇ ਹੋਰ ਕਈ ਥਾਵੀਂ ਸਾਜ਼ਸ਼ ਦੇ ਮੁਕੱਦਮੇ ਚਲੇ ਤੇ ਦੇਸ਼-ਭਗਤਾਂ ਨੂੰ ਸਜ਼ਾਵਾਂ ਹੋਈਆਂ। ਸੋ ਉਨ੍ਹਾਂ ਮੁਕੱਦਮਿਆਂ ਦੇ ਸਿਲਸਿਲੇਵਾਰ ਹੇਠਾਂ ਨਾਮ ਦਰਜ ਕੀਤੇ ਜਾਂਦੇ ਹਨ :-

## ਪਹਿਲਾ ਮੁਕੱਦਮਾ ਸਾਜ਼ਸ਼ ਲਾਹੌਰ

–੧੩ ਸਤੰਬਰ ੧੯੧੫–

* ਸਤ ਫਾਂਸੀ ਲਗੇ :-

ਸ: ਕਰਤਾਰ ਸਿੰਘ ਸਰਾਭਾ ਜ਼ਿਲਾ ਲੁਧਿਆਣਾ। ਸ: ਬਖਸ਼ੀਸ਼ ਸਿੰਘ ਪਿੰਡ ਗਿਲਵਾਲੀ ਜ਼ਿਲਾ ਅੰਮ੍ਰਿਤਸਰ। ਸ: ਜਗਤ ਸਿੰਘ ਪਿੰਡ ਸੁਰ ਸਿੰਘ ਜ਼ਿਲਾ ਲਾਹੌਰ। ਸ: ਸੁਰਾਇਣ ਸਿੰਘ ਸਪੁਤ੍ਰ ਸ: ਬੂੜ ਸਿੰਘ ਪਿੰਡ ਗਿਲਵਾਲੀ (ਅੰਮ੍ਰਿਤਸਰ)। ਸ: ਸੁਰੈਣ ਸਿੰਘ ਸਪੁਤ੍ਰ ਸ: ਈਸ਼ਰ ਸਿੰਘ ਗਿਲਵਾਲੀ (ਅੰਮ੍ਰਿਤਸਰ)। ਭਾਈ ਹਰਨਾਮ ਸਿੰਘ ਪਿੰਡ ਭੱਟੀ ਗੁਰਾਇਆ (ਸਿਆਲ ਕੋਟ)। ਸ੍ਰੀ ਪਿੰਗਲੇ ਵੈਸ਼ਨੋ ਗਣੇਸ਼ (ਮਰਹੱਟਾ) ਪਿੰਡ ਤਲੇਗਾਉਂ।

†ਪੰਜਾਹ ਕੈਦ ਹੋਏ :-

ਭਾ: ਬਾਜ ਸਿੰਘ ਪਿੰਡ ਰਈਆ ਜ਼ਿਲਾ ਅੰਮ੍ਰਿਤਸਰ। ਭਾ: ਬਲਵੰਤ ਸਿੰਘ ਪਿੰਡ ਸਠਿਆਲਾ (ਅੰਮ੍ਰਿਤਸਰ)। ਭਾ: ਭਾਨ ਸਿੰਘ ਪਿੰਡ ਸੁਨੇਤ (ਲੁਧਿਆਣਾ) ਇਹ ਕਾਲੇ ਪਾਣੀ ਚਲਾਣਾ ਕਰ ਗਏ ਸੀ। ਭਾ: ਬਿਸ਼ਨ ਸਿੰਘ, ਸਪੁਤ੍ਰ ਜੁਆਲਾ ਸਿੰਘ ਪਿੰਡ ਦਦੇਹਰ (ਅੰਮ੍ਰਿਤਸਰ)। ਭਾ: ਬਿਸ਼ਨ ਸਿੰਘ ਸਪੁਤ੍ਰ ਕੇਸਰ ਸਿੰਘ ਪਿੰਡ ਦਦੇਹਰ (ਅੰਮ੍ਰਿਤਸਰ)। ਭਾ: ਚੂਹੜ ਸਿੰਘ ਪਿੰਡ ਲੀਲਾਂ ਜ਼ਿਲਾ ਲੁਧਿਆਣਾ (ਚਲਾਣਾ ਕਰ ਗਏ। ਭਾ: ਦਲੀਪ ਸਿੰਘ ਪਿੰਡ ਘਨੌਰੀ (ਰਿਆਸਤ ਪਟਿਆਲਾ)। ਭਾ: ਦੇਵਾ ਸਿੰਘ, ਨੰਦਪੁਰ ਜ਼ਿਲਾ ਲੁਧਿਆਣਾ। ਭਾ: ਗੁਰਮੁਖ ਸਿੰਘ ਲਲਤੋਂ (ਲੁਧਿਆਣਾ)। ਭਾ: ਗੁਰਦਿਤ ਸਿੰਘ ਪਿੰਡ ਸੁਰ ਸਿੰਘ (ਜ਼ਿਲਾ ਲਾਹੌਰ)। ਡਾ: ਹਰਦਿਤ ਸਿੰਘ ਅੰਮ੍ਰਿਤਸਰ। ਭਾ: ਹਰਨਾਮ ਸਿੰਘ 'ਟੁੰਡੀ ਲਾਟ' ਪਿੰਡ ਹਰਿਆਣਾ (ਹੁਸ਼ਿਆਰਪੁਰ)। ਭਾਈ ਹਜ਼ਾਰਾ ਸਿੰਘ ਪਿੰਡ ਦਦੇਹਰ (ਜ਼ਿਲਾ ਅੰਮ੍ਰਿਤਸਰ)। ਭਾਈ ਹਰੀ ਸਿੰਘ ਪਿੰਡ ਨਥਾਣਾ (ਫੀਰੋਜ਼ਪੁਰ) (ਮਿੰਟਗੁਮਰੀ ਜੇਲ੍ਹ ਵਿਚ ਚਲਾਣਾ ਕਰ ਗਿਆ)। ਭਾਈ ਹਿਰਦੇਰਾਮ ਰਿਆਸਤ ਮੰਡੀ। ਭਾਈ ਇੰਦਰ ਸਿੰਘ ਗ੍ਰੰਥੀ ਪਿੰਡ ਮੱਲ੍ਹਾ ਜ਼ਿਲਾ ਲੁਧਿਆਣਾ। ਭਾਈ ਇੰਦਰ ਸਿੰਘ ਭਸੀਨ ਜ਼ਿਲਾ ਲਾਹੌਰ। ਭਾਈ ਇੰਦਰ ਸਿੰਘ ਪਿੰਡ ਸੁਰ ਸਿੰਘ ਲਾਹੌਰ। ਭਾਈ ਜਗਤ ਰਾਮ ਪਿੰਡ ਹਰਿਆਣਾ (ਹੁਸ਼ਿਆਰ-ਪੁਰ)। ਜਮਨਾ ਦਾਸ ਪਿੰਡ ਬੜਾ ਗਾਉਂ ਜ਼ਿਲਾ ਬਾਰਾਬੰਕੀ (ਯੂ.ਪੀ.)। ਭਾਈ ਜਵੰਦ ਸਿੰਘ ਪਿੰਡ ਸੁਰ ਸਿੰਘ ਜ਼ਿਲਾ ਲਾਹੌਰ। ਭਾਈ ਜਵਾਲਾ ਸਿੰਘ ਪਿੰਡ ਠਟੀਆਂ ਜ਼ਿਲਾਂ ਅੰਮ੍ਰਿਤਸਰ। ਭਾਈ ਕਾਲਾ ਸਿੰਘ ਅੰਮ੍ਰਿਤਸਰ। ਭਾਈ ਕੇਹਰ ਸਿੰਘ ਮਰਹਾਣਾ ਜ਼ਿਲਾ ਅੰਮ੍ਰਿਤਸਰ। ਭਾਈ ਕੇਸਰ ਸਿੰਘ ਠੱਠਗੜ੍ਹ ਜ਼ਿਲਾ ਅੰਮ੍ਰਿਤਸਰ। ਭਾਈ ਖੜਕ ਸਿੰਘ ਪਿੰਡ ਬੋਪਾਰਾਇ ਕਲਾਂ ਜ਼ਿਲਾ ਲੁਧਿਆਣਾ। ਭਾਈ ਖੁਸ਼ਹਾਲ ਸਿੰਘ ਪੱਧਰੀ ਜ਼ਿਲਾ ਅੰਮ੍ਰਿਤਸਰ। ਭਾਈ ਕ੍ਰਿਪਾਲ ਸਿੰਘ ਬੋਪਾਰਾਇ ਕਲਾਂ ਜ਼ਿਲਾ ਲੁਧਿਆਣਾ। ਭਾਈ ਲਾਲ ਸਿੰਘ ਪਿੰਡ ਭੂਰੇ ਜ਼ਿਲਾ ਅੰਮ੍ਰਿਤਸਰ। ਭਾਈ ਮਦਨ ਸਿੰਘ ਪਿੰਡ ਗਾਗਾ ਜ਼ਿਲਾ ਲਾਹੌਰ। ਭਾਈ ਮੰਗਲ ਸਿੰਘ, ਲਾਲਪੁਰਾ ਜ਼ਿਲਾ ਅੰਮਿਤਸਰ। ਨੰਦ ਸਿੰਘ ਪਿੰਡ ਕੈਲੇ ਜ਼ਿਲਾ ਲੁਧਿਆਣਾ (ਚਲਾਣਾ ਕਰ ਗਏ)। ਭਾਈ ਨਿਧਾਨ ਸਿੰਘ ਪਿੰਡ ਚੁੱਘਾ ਜ਼ਿਲਾ ਫੀਰੋਜ਼ਪੁਰ। ਭਾਈ ਪਰਮਾ ਨੰਦ ਪਿੰਡ ਕਰਿਆਲਾ ਜ਼ਿਲਾ ਜਿਹਲਮ। ਭਾਈ ਪਰਮਾ ਨੰਦ ਦੂਜਾ, ਪਿੰਡ ਸੁਕਰਾਡਾ ਖੜਕਾ ਜ਼ਿਲਾ ਹਮੀਰ ਪੁਰ (ਯੂ. ਪੀ.)। ਭਾਈ ਪਿਰਥੀ ਸਿੰਘ ਪਿੰਡ ਸਾਂਭੂ (ਲਾਲੜੂ)

* ਇਨ੍ਹਾਂ ਸਤਾਂ ਵਿਚ ਛੇ ਸਿੰਘ ਹਨ।

† ਇਨ੍ਹਾਂ ੫੦ ਵਿਚੋਂ ੪੩ ਸਿੰਘ ਹਨ।



www.AKJ.Org

ਰਿਆਸਤ ਪਟਿਆਲਾ। ਭਾਈ ਪਿਆਰਾ ਸਿੰਘ ਲੰਗੇਰੀ ਜ਼ਿਲਾ ਹੁਸ਼ਿਆਰਪੁਰ। ਭਾਈ ਪੂਰਨ ਸਿੰਘ ਈਸੇਵਾਲ ਜ਼ਿਲਾ ਲੁਧਿਆਣਾ। ਭਾਈ ਰਾਮਸਰਨ ਦਾਸ ਕਪੂਰਥਲਾ। ਭਾਈ ਰੋਡਾ ਸਿੰਘ ਬਾਘਾ ਪੁਰਾਣਾ ਜ਼ਿਲਾ ਫ਼ੀਰੋਜ਼ਪੁਰ। ਭਾਈ ਰੁਲੀਆ ਸਿੰਘ ਪਿੰਡ ਸਰਾਭਾ ਜ਼ਿਲਾ ਲੁਧਿਆਣਾ (ਕਾਲੇ ਪਾਣੀ ਚਲਾਣਾ ਕਰ ਗਏ)। ਭਾਈ ਸਾਵਣ ਸਿੰਘ ਪਿੰਡ ਚੱਬਾ ਜ਼ਿਲਾ ਅੰਮ੍ਰਿਤਸਰ। ਭਾਈ ਸ਼ਿਵ ਸਿੰਘ ਪਿੰਡ ਕੋਟਲਾ ਜ਼ਿਲਾ ਹੁਸ਼ਿਆਰਪੁਰ। ਭਾਈ ਸ਼ੇਰ ਸਿੰਘ ਵੇਈਂ ਪੋਈਂ ਜ਼ਿਲਾ ਅੰਮ੍ਰਿਤਸਰ। ਭਾਈ ਸੋਹਣ ਸਿੰਘ ਭਕਨਾ ਜ਼ਿਲਾ ਅੰਮ੍ਰਿਤਸਰ। ਭਾਈ ਊਧਮ ਸਿੰਘ, ਕਸੇਲ ਜ਼ਿਲਾ ਅੰਮ੍ਰਿਤਸਰ। ਭਾਈ ਵਸਾਖਾ ਸਿੰਘ ਪਿੰਡ ਦਦੇਹਰ ਜ਼ਿਲਾ ਅੰਮ੍ਰਿਤਸਰ। ਭਾਈ ਵਸਾਖਾ ਸਿੰਘ ਗਿਲਵਾਲੀ ਜ਼ਿਲਾ ਅੰਮ੍ਰਿਤਸਰ। ਭਾਈ ਰੂੜ ਸਿੰਘ ਚੂਹੜਚੱਕ ਜ਼ਿਲਾ ਫ਼ੀਰੋਜ਼ਪੁਰ (ਚਲਾਣਾ ਕਰ ਗਏ)। ਰਾਸ ਬਿਹਾਰੀ ਬੋਸ ਬੰਗਾਲੀ, ਜੋ ਲਾਹੌਰੋਂ ਖਿਸਕ ਕੇ ਜਾਪਾਨ ਪਹੁੰਚ ਗਏ, ਤੇ ੧੯੪੪ ਵਿਚ ਸੁਭਾਸ਼ ਬੋਸ ਨਾਲ ਮਿਲ ਕੇ ਆਜ਼ਾਦ ਹਿੰਦ ਗੌਰਮੈਂਟ ਬਣਾਈ ਤੇ ੧੯੪੫ ਵਿਚ ਪ੍ਰਲੋਕ ਚਲ ਬਸੇ।

ਪਧਰੀ ਦੇ ਮੁਕੱਦਮੇ ਵਿਚ ਭਾ: ਇੰਦਰ ਸਿੰਘ ਪਧਰੀ ਤੇ ਭਾ: ਪ੍ਰੇਮ ਸਿੰਘ ਪਿੰਡ ਸੁਰ ਸਿੰਘ ਜ਼ਿਲਾ ਲਾਹੌਰ ਫਾਂਸੀ ਲਗੇ ਤੇ ਭਾ: ਸਜਣ ਸਿੰਘ ਆਦਿ ਪੰਜ ਸਜਣ ਕੈਦ ਹੋਏ।

ਰਸਾਲਾ ਨ: ੨੩ ਵਿਚ ਭਾ: ਲਛਮਣ ਸਿੰਘ ਦਸ ਹੋਰ ਸਜਣਾਂ ਸਮੇਤ ਫਾਂਸੀ ਲਗੇ।

**ਰਸਾਲਾ ਨੰਬਰ ੧੨ ਵਿਚੋਂ :–**

ਭਾ: ਈਸ਼ਰ ਸਿੰਘ ਪਿੰਡ ਰਕਬਾ ਜ਼ਿਲਾ ਲੁਧਿਆਣਾ ਤੇ ਭਾ: ਹਜ਼ਾਰਾ ਸਿੰਘ ਪਿੰਡ ਭੈਣੀ ਕੂਕਾ ਜ਼ਿਲਾ ਲੁਧਿਆਣਾ ਮੇਰਠ ਦੀ ਛਾਉਣੀ ਫਾਂਸੀ ਲਗੇ। ਤੇ ਕਈ ਸਜਣ ਕੈਦ ਹੋਏ। ਡਾਕਟਰ ਮਥਰਾ ਸਿੰਘ ਜੀ ਢੁਡਿਆਲ ਜ਼ਿਲਾ ਰਾਵਲਪਿੰਡੀ ਦੇ ਰਹਿਣ ਵਾਲੇ ਪਿਛੋਂ ਈਰਾਨ ਵਿਚ ਫੜੇ ਗਏ ਤੇ ਫਾਂਸੀ ਲਗੇ।

ਮੁਕੱਦਮਾ ਫ਼ੀਰੋਜ਼ਸ਼ਾਹ (ਫੇਰੂ ਸ਼ਹਿਰ) ਵਿਚ–ਫਾਂਸੀ ਲਗੇ, ਭਾ: ਗਾਂਧਾ ਸਿੰਘ ਪਿੰਡ ਕੱਚਰਭੰਨ (ਲਾਹੌਰ), ਰਹਿਮਤ ਅਲੀ, ਕਾਂਸ਼ੀ ਰਾਮ, ਰਾਮ ਰੱਖਾ ਤੇ ਜਗਤ ਸਿੰਘ ਬਿੰਜਲ ਜ਼ਿਲਾ ਲੁਧਿਆਣਾ ਤੇ ਕਈ ਪੁਲਿਸ ਨਾਲ ਲੜਾਈ ਵਿਚ ਸ਼ਹੀਦ ਹੋਏ।

ਮੁਕੱਦਮਾ ਸਾਜ਼ਸ਼ ਬਨਾਰਸ ਵਿਚ ਸਚਿੰਦ੍ਰ ਨਾਥ ਸਾਨਿਆਲ ਤੇ ਹੋਰ ਕਈ ਸਜਣ ਸਜ਼ਾਯਾਬ ਹੋਏ।

## ਦੂਜਾ ਮੁਕੱਦਮਾ ਸਾਜ਼ਸ਼ ਲਾਹੌਰ

੩੦ ਮਾਰਚ ੧੯੧੬

* ਪੰਜ ਫਾਂਸੀ ਲਗੇ :–

ਭਾਈ ਉਤਮ ਸਿੰਘ ਪਿੰਡ ਹਾਂਸ ਤਸੀਲ ਜਗਰਾਉਂ (ਲੁਧਿਆਣਾ)। ਭਾਈ ਈਸ਼ਰ ਸਿੰਘ ਢੁਡੀਕੇ ਜ਼ਿਲਾ ਫ਼ੀਰੋਜ਼ਪੁਰ। ਭਾਈ ਬੀਰ ਸਿੰਘ ਬਾਹੋਵਾਲ ਜ਼ਿਲਾ ਹੁਸ਼ਿਆਰਪੁਰ। ਭਾਈ ਰੰਗਾ ਸਿੰਘ ਖ਼ੁਰਦਪੁਰ ਜ਼ਿਲਾ ਜਲੰਧਰ। ਭਾਈ ਰੂੜ ਸਿੰਘ ਤਲਵੰਡੀ ਦੁਸਾਂਝ ਜ਼ਿਲਾ ਫ਼ੀਰੋਜ਼ਪੁਰ।

† ੫੬ ਕੈਦ ਹੋਏ :–

ਭਾਈ ਹੀਰਾ ਸਿੰਘ ਚਰੜ ਜ਼ਿਲਾ ਲਾਹੌਰ (ਬਲਗਾਮ ਜੇਲ੍ਹ ਵਿਚ ਚਲਾਣਾ ਕਰ ਗਏ)। ਭਾਈ ਸਾਹਿਬ ਰਣਧੀਰ ਸਿੰਘ ਨਾਰੰਗਵਾਲ ਜ਼ਿਲਾ ਲੁਧਿਆਣਾ। ਭਾਈ ਲਾਲ ਸਿੰਘ ਨਾਰੰਗਵਾਲ ਜ਼ਿਲਾ ਲੁਧਿਆਣਾ। ਭਾਈ ਮਸਤਾਨ ਸਿੰਘ ਨਾਰੰਗਵਾਲ ਜ਼ਿਲਾ ਲੁਧਿਆਣਾ (ਚਲਾਣਾ ਕਰ ਗਏ)। ਗਿਆਨੀ ਸਜਣ ਸਿੰਘ ਨਾਰੰਗਵਾਲ ਜ਼ਿਲਾ ਲੁਧਿਆਣਾ। ਗਿਆਨੀ ਹਰਿਭਜਨ ਸਿੰਘ ਪਿੰਡ ਚਮਿੰਡੇ ਜ਼ਿਲਾ ਲੁਧਿਆਣਾ। ਗਿਆਨੀ ਦਲੀਪ ਸਿੰਘ ਪਿੰਡ ਫੁਲਾਂਵਾਲ ਜ਼ਿਲਾ ਲੁਧਿਆਣਾ। ਬਾਬਾ ਰਾਮ ਸਿੰਘ ਪਿੰਡ ਫਲੇਵਾਲ ਜ਼ਿਲਾ ਲੁਧਿਆਣਾ

---

* ਇਹ ਪੰਜੇ ਹੀ ਸਿੰਘ ਹਨ। † ਇਨ੍ਹਾਂ ੫੬ ਵਿਚੋਂ ੫੫ ਸਿੰਘ ਹਨ।



www.AKJ.Org

(ਚਲਾਣਾ ਕਰ ਗਏ)। ਭਾ: ਜਗਤ ਸਿੰਘ ਪਿੰਡ ਗੁਜਰਵਾਲ ਜ਼ਿਲਾ ਲੁਧਿਆਣਾ (ਚਲਾਣਾ ਕਰ ਗਏ)। ਭਾ: ਸੁਰਜਣ ਸਿੰਘ ਪਿੰਡ ਗੁਜਰਵਾਲ ਜ਼ਿਲਾ ਲੁਧਿਆਣਾ। ਭਾ:ਹਰਨਾਮ ਸਿੰਘ ਪਿੰਡ ਗੁਜਰਵਾਲ ਜ਼ਿਲਾ ਲੁਧਿਆਣਾ। ਗਿਆਨੀ ਨਾਹਰ ਸਿੰਘ ਗੁਜਰਵਾਲ ਜ਼ਿਲਾ ਲੁਧਿਆਣਾ। ਭਾ:ਇੰਦਰ ਸਿੰਘ ਪਿੰਡ ਸ਼ੇਖ ਦੌਲਤ ਜ਼ਿਲਾ ਲੁਧਿਆਣਾ। ਭਾ: ਪਾਖਰ ਸਿੰਘ ਪਿੰਡ ਢੁਡੀਕੇ ਜ਼ਿਲਾ ਫੀਰੋਜ਼ਪੁਰ। ਭਾ: ਮਹਿੰਦਰ ਸਿੰਘ ਢੁਡੀਕੇ ਜ਼ਿਲਾ ਫੀਰੋਜ਼ਪੁਰ। ਭਾ: ਪਾਲਾ ਸਿੰਘ ਸਪੁਤ੍ ਕਾਲਾ ਸਿੰਘ ਢੁਡੀਕੇ ਜ਼ਿਲਾ ਫੀਰੋਜ਼ਪੁਰ। ਭਾਈ ਮਹਿੰਦਰ ਸਿੰਘ ਮਾਜਰੀ ਤਸੀਲ ਸਮਰਾਲਾ ਜ਼ਿਲਾ ਲੁਧਿਆਣਾ। ਭਾਈ ਨਰਾਇਣ ਸਿੰਘ ਸ਼ਹਿਰ ਪਟਿਆਲਾ। ਭਾਈ ਫੇਰਾ ਸਿੰਘ ਕੋਟ ਝੰਡਾ ਸਿੰਘ ਜ਼ਿਲਾ ਸਿਆਲਕੋਟ। ਭਾਈ ਲਾਭ ਸਿੰਘ ਪਿੰਡ ਵਲਟੋਹਾ ਜ਼ਿਲਾ ਲਾਹੌਰ। ਭਾਈ ਅਰਜਣ ਸਿੰਘ ਜਗਰਾਉਂ ਜ਼ਿਲਾ ਲੁਧਿਆਣਾ। ਭਾਈ ਅਤਰ ਸਿੰਘ, ਚਕਵਾਲ ਜ਼ਿਲਾ ਜਿਹਲਮ। ਭਾਈ ਬੋਘ ਸਿੰਘ ਮਹੰਤ ਝਾੜ ਸਾਹਿਬ ਜ਼ਿਲਾ ਅੰਮ੍ਰਿਤਸਰ। ਭਾਈ ਬਿਸ਼ਨ ਸਿੰਘ ਵਰਪਾਲ ਜ਼ਿਲਾ ਅੰਮ੍ਰਿਤਸਰ। ਭਾਈ ਬੁੱਢਾ ਸਿੰਘ ਪਿੰਡ ਸੁਰ ਸਿੰਘ ਜ਼ਿਲਾ ਲਾਹੌਰ (ਚਲਾਣਾ ਕਰ ਗਏ)। ਭਾਈ ਦਾਨ ਸਿੰਘ ਪਿੰਡ ਧਲਕੇ ਜ਼ਿਲਾ ਫੀਰੋਜ਼ਪੁਰ। ਭਾਈ ਗੰਡਾ ਸਿੰਘ ਖਾਪੜਖੇੜੀ (ਅੰਮ੍ਰਿਤਸਰ) ਚਲਾਣਾ ਕਰ ਗਏ। ਭਾਈ ਗੰਡਾ ਸਿੰਘ ਪਿੰਡ ਸੁਰ ਸਿੰਘ (ਜ਼ਿਲਾ ਲਾਹੌਰ)। ਭਾਈ ਗੰਡਾ ਸਿੰਘ(ਦੂਜਾ)ਪਿੰਡ ਸੁਰ ਸਿੰਘ (ਜ਼ਿਲਾ ਲਾਹੌਰ)। ਭਾਈ ਗੁਜਰ ਸਿੰਘ ਪਿੰਡ ਭਕਨਾ ਜ਼ਿਲਾ ਅੰਮ੍ਰਿਤਸਰ। ਭਾਈ ਹਰੀ ਸਿੰਘ ਕੱਕੜ ਜ਼ਿਲਾ ਅੰਮ੍ਰਿਤਸਰ। ਭਾਈ ਹਰਨਾਮ ਸਿੰਘ ਰਸੂਲ ਪੁਰ ਜ਼ਿਲਾ ਅੰਮ੍ਰਿਤਸਰ। ਭਾਈ ਹਰਨਾਮ ਸਿੰਘ ਕਾਲਾ ਸੰਘਾ ਰਿਆਸਤ ਕਪੂਰਥਲਾ। ਜਾਮੂ ਵਲਟੋਹਾ ਜ਼ਿਲਾ ਲਾਹੌਰ। ਭਾਈ ਜੱਸਾ ਸਿੰਘ ਝਾੜ ਸਾਹਿਬ ਜ਼ਿਲਾ ਅੰਮ੍ਰਿਤਸਰ। ਭਾਈ ਰਾਜਿੰਦਰ ਸਿੰਘ ਚੋਧਰੀ ਵਾਲਾ ਜ਼ਿਲਾ ਅੰਮ੍ਰਿਤਸਰ (ਜੇਲ੍ਹ ਵਿਚ ਚਲਾਣਾ ਕਰ ਗਏ)। ਭਾਈ ਕਾਹਨ ਸਿੰਘ ਹਸਨਪੁਰ ਜ਼ਿਲਾ ਲੁਧਿਆਣਾ। ਭਾਈ ਕਰਮ ਸਿੰਘ ਕੋਟਲਾ ਅਜਨੇਰ ਜ਼ਿਲਾ ਲੁਧਿਆਣਾ। ਭਾਈ ਕੇਸਰ ਸਿੰਘ ਪਿੰਡ ਸੁਰ ਸਿੰਘ ਜ਼ਿਲਾ ਲਾਹੌਰ। ਭਾਈ ਕਿਰਪਾ ਸਿੰਘ ਲੰਗਮਜਾਰੀ ਜ਼ਿਲਾ ਹੁਸ਼ਿਆਰਪੁਰ। ਭਾਈ ਲਾਭ ਸਿੰਘ ਚੱਕ ਵਾਲੀਆਂ ਦਾਖਲੀ (ਲਾਹੌਰ)। ਭਾਈ ਮਹਾਰਾਜ ਸਿੰਘ ਰਸਾਲਾ ਨੰਬਰ ੨੩ ਛਾਉਣੀ ਲਹੌਰ। ਭਾਈ ਮੰਗਲ ਸਿੰਘ ਵਲਟੋਹਾ (ਲਾਹੌਰ)। ਭਾਈ ਨੱਥਾ ਸਿੰਘ ਧੁੰਨ (ਲਾਹੌਰ)। ਭਾਈ ਪਾਲਾ ਸਿੰਘ ਸਪੁਤਰ ਬੱਗਾ ਸਿੰਘ ਜ਼ਿਲਾ ਫੀਰੋਜ਼ਪੁਰ। ਭਾਈ ਸੰਤਾ ਸਿੰਘ ਨੰਦਪੁਰ ਕਲੌੜ ਰਿਆਸਤ ਪਟਿਆਲਾ। ਭਾਈ ਸ਼ਾਮ ਸਿੰਘ ਢੁਡੀਕੇ (ਫੀਰੋਜ਼ਪੁਰ)। ਭਾਈ ਸ਼ੇਰ ਸਿੰਘ ਠੀਕਰੀਵਾਲਾ (ਗੁਰਦਾਸਪੁਰ)। ਭਾਈ ਸੁਚਾ ਸਿੰਘ ਪਿੰਡ ਚੋਹਲਾ ਕਲਾਂ (ਅੰਮ੍ਰਿਤਸਰ)। ਭਾਈ ਸੁਲਤਾਨ ਸਿੰਘ ਭਿਖੀਵਿੰਡ (ਲਾਹੌਰ)। ਭਾਈ ਸੁੰਦਰ ਸਿੰਘ ਦੌਲੂ ਨੰਗਲ ਜ਼ਿਲਾ ਅੰਮ੍ਰਿਤਸਰ। ਭਾਈ ਸੂਜਾ ਸਿੰਘ ਵਲਟੋਹਾ (ਲਾਹੌਰ)। ਭਾਈ ਤੇਜਾ ਸਿੰਘ ਭਿੱਖੀਵਿੰਡ (ਲਾਹੌਰ)। ਭਾਈ ਠਾਕਰ ਸਿੰਘ ਠੱਟੀਆਂ (ਅੰਮ੍ਰਿਤਸਰ)। ਭਾਈ ਊਧਮ ਸਿੰਘ ਲਾਡਪੁਰਾ (ਗੁਰਦਾਸਪੁਰ) ਚਲਾਣਾ ਕਰ ਗਏ। ਭਾਈ ਵਸਾਖਾ ਸਿੰਘ ਦਦੇਹਰ (ਅੰਮ੍ਰਿਤਸਰ)।

## ਤੀਜਾ ਮੁਕੱਦਮਾ ਸਾਜ਼ਸ਼ ਲਾਹੌਰ

### ੫ ਜਨਵਰੀ ੧੯੧੭

ਇਸ ਵਿਚ ੧੭ ਸਜਣ ਸਨ, ਜਿਨ੍ਹਾਂ ਵਿਚੋਂ ਭਾਈ ਬਲਵੰਤ ਸਿੰਘ (ਕੈਨੇਡੀਅਨ), ਮੌਲਵੀ ਅਬਦੁੱਲਾ (ਜਗਰਾਉਂ) ਤੇ ਤਿੰਨ ਸਜਣ ਹੋਰ ਫਾਂਸੀ ਲਗੇ। ਤੇ ਭਾਈ ਹਰੀ ਸਿੰਘ ਚੋਟੀਆਂ ਫੀਰੋਜ਼ਪੁਰ, ਭਾਈ ਬਤਨ ਸਿੰਘ ਕਾਹਰੀ ਸਾਹਰੀ ਜ਼ਿਲਾ ਹੁਸ਼ਿਆਰਪੁਰ, ਭਾਈ ਕਰਤਾਰ ਸਿੰਘ ਚੰਦ ਨਿਵਾਸੀ (ਚਲਾਣਾ ਕਰ ਗਏ), ਭਾਈ ਮੁਨਸ਼ਾ ਸਿੰਘ ਦੁਖੀ, ਭਾਈ ਕੇਹਰ ਸਿੰਘ ਸਾਨ੍ਹੇਵਾਲ (ਏਹ ਹਜ਼ਾਰੀ ਬਾਗ ਜੇਲ੍ਹ ਵਿਚ ਚਲਾਣਾ ਕਰ ਗਏ), ਭਾ: ਬਘੇਲ ਸਿੰਘ, ਭਾਈ ਬਲਵੰਤ ਸਿੰਘ, ਆਦਿ ਕੈਦ ਹੋਏ।


www.AKJ.Org

## ਚੌਥਾ ਮੁਕੱਦਮਾ ਸਾਜ਼ਸ਼ ਲਾਹੌਰ

ਇਸ ਵਿਚ ਹੇਠ ਲਿਖੇ ਸਜਣ ਕੈਦ ਹੋਏ :—ਲਾਲਾ ਲਾਲ ਚੰਦ ਫਲਕ, ਪੰਡਤ ਪਿਆਰੇ ਲਾਲ ਭਾਈ ਬੂੜ ਸਿੰਘ ਖੁਸ਼ਦਿਲ ਤੇ ਦੋ ਸਜਣ ਹੋਰ, ਏਹ ਸਭ ਲਾਹੌਰ ਦੇ ਸਨ। (ਭਾ: ਬੂੜ ਸਿੰਘ ਚਲਾਣਾ ਕਰ ਗਏ ਹਨ)।

## ਮੁਕੱਦਮਾ ਸਾਜ਼ਸ਼ ਮੰਡੀ ਰਿਆਸਤ (ਹਿਮਾਲਾ ਪਹਾੜ)

ਮੀਆਂ ਜਵਾਹਰ ਸਿੰਘ ਸਿੱਧੂ ਤੇ ਇਕ ਦੋ ਸਜਣ ਹੋਰ ਕੈਦ ਹੋਏ।

## ਮੁਕੱਦਮਾ ਸਾਜ਼ਸ਼ ਮਾਂਡਲੇ (ਬਰਮਾ)

ਫਾਂਸੀ ਲਗੇ—ਡਾ: ਹਰਨਾਮ ਸਿੰਘ ਤੇ ਸੋਹਣ ਲਾਲ ਪਾਠਕ ਚਾਰ ਹੋਰ ਸਾਥੀਆਂ ਸਮੇਤ ਫਾਂਸੀ ਲਗੇ।

ਕੈਦ ਹੋਏ—ਬਾਬੂ ਅਮਰ ਸਿੰਘ, ਹਰਦਿਤ ਸਿੰਘ ਲੰਮੇ, ਕਪੂਰ ਸਿੰਘ ਮੋਹੀ, ਵੀਰ ਸਿੰਘ, ਬੁੱਢਾ ਸਿੰਘ।

ਸਿੰਘਾਪੁਰ ਵਿਚ ਪੰਜ ਨੰਬਰ ਪਲਟਣ ਨੇ ਬਗ਼ਾਵਤ ਕੀਤੀ। ਰੰਗੂਨ ਵਿਚ ੧੩੦ ਬਲੂਗੀ ਰਜਮਟ ਨੇ ਬਗ਼ਾਵਤ ਕੀਤੀ।

ਸਾਜ਼ਸ਼ ਦੇ ਕੁਲ ਨੌ ਮੁਕੱਦਮੇ ਹੋਏ।

ਇਹ ਟੂਕ ਮਾਤ੍ਰ ਹਾਲ ਉਨ੍ਹਾਂ ਕੌਮੀ ਪਰਵਾਨਿਆਂ ਦੀ ਯਾਦ ਵਿਚ ਲਿਖਿਆ ਗਿਆ ਹੈ, ਤਾਕਿ ਦੇਸ਼-ਭਗਤੀ ਦੀ ਭੁੱਲੀ ਹੋਈ ਕਹਾਣੀ ਦੀ ਯਾਦ ਤਾਜ਼ਾ ਰਹੇ।

---

# ਗੁ: ਨਾਨਕ ਲਾਮਾ, ਚੁੰਗਥਾਂਗ (ਨਾਰਥ ਸਿਕਮ) ਦੇ ਦਰਸ਼ਨ-ਦੀਦਾਰੇ

ਭਾਈ ਸਾਹਿਬ ਮੇਹਰ ਸਿੰਘ ਜੀ 7/71 ਏ, ਮੋਤੀ ਨਗਰ, ਨਵੀਂ ਦਿਲੀ ਤੋਂ ਸੂਚਨਾ ਦਿੰਦੇ ਹਨ ਕਿ ਉਪਰੋਕਤ ਗੁਰ-ਅਸਥਾਨ ਸਿਲੀਗੁਰੀ ਬੰਗਾਲ ਤੋਂ ਜਾਂਦੇ ਹੋਏ ਚੀਨ ਤੇ ਤਿੱਬਤ ਦੇ ਬਾਰਡਰ ਨਾਲ ਲਗਦੀ ਸਿਕਮ ਸਟੇਟ ਵਿਖੇ ਹੈ। ਗੁਰਦਵਾਰਾ ਪੰਜਾ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਸਤ-ਕਮਲ ਦਾ ਨਿਸ਼ਾਨ ਹੈ ਅਤੇ ਇਸ ਅਸਥਾਨ ਵਿਖੇ ਸਤਿਗੁਰੂ ਜੀ ਦੇ ਚਰਨ-ਕਮਲਾਂ ਦੇ ਨਿਸ਼ਾਨ ਹਨ। ਇਸ ਬਾਰੇ ਪੂਰੀ ਵਾਕਫ਼ੀ ਭਰਿਆ ਲੇਖ 'ਸੂਰਾ' ਜੁਲਾਈ 1982 ਵਿੱਚ ਦਿੱਤਾ ਗਿਆ ਸੀ।

ਇਸ ਗੁਰ ਅਸਥਾਨ ਦੀ ਸੇਵਾ ਸੰਭਾਲ ਫੌਜੀ ਸਿੰਘਾਂ ਨੇ ਨਿਭਾਈ ਹੈ ਤੇ ਨਿਭਾ ਰਹੇ ਹਨ। ਐਤਕੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸ਼ਵ ਲੋਕਲ ਸਿੱਖ ਸੰਗਤ ਅਤੇ ਫ਼ੌਜੀ ਜਵਾਨਾਂ ਨੇ 30-31 ਅਕਤੂਬਰ ਤੇ 1 ਨਵੰਬਰ ਨੂੰ ਭਾਰੀ ਉਤਸ਼ਾਹ ਸਹਿਤ ਸ੍ਰੀ ਅਖੰਡਪਾਠ ਸਾਹਿਬ, ਕੀਰਤਨ, ਕਵਿਤਾਵਾਂ ਅਤੇ ਗੁਰੂ ਸਾਹਿਬ ਦੇ ਜੀਵਨ ਪ੍ਰਸੰਗ ਸੁਣਾ ਕੇ ਅਤੇ ਲੰਗਰ ਦੀ ਸੇਵਾ ਕਰ ਕੇ ਮਨਾਇਆ। ਅਖੰਡ ਕੀਰਤਨੀ ਜਥਾ ਦਿੱਲੀ ਦੀ ਸੰਗਤ ਪਿਛਲੇ ਸਾਲ ਦਸੰਬਰ 81 ਵਿਚ ਇਸ ਅਸਥਾਨ ਦੀ ਯਾਤਰਾ ਕਰ ਆਈ ਸੀ, ਇਸ ਲਈ ਐਤਕੀ ਵੀ ਉਥੋਂ ਦੇ ਫ਼ੌਜੀ ਸਿੰਘਾਂ ਨੇ ਦਿਲੀ ਦੇ ਅਖੰਡ ਕੀਰਤਨ ਜਥੇ ਨੂੰ ਸਦੇ ਪੱਤਰ ਭੇਜੇ। ਚੁੰਗਥਾਂਗ (ਸਿਕਮ) ਦੀ ਸੰਗਤ ਵਲੋਂ ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਇਤਿਹਾਸਕ ਅਸਥਾਨ ਦੀ ਯਾਤਰਾ ਲਈ ਸਿਖ ਸੰਗਤਾਂ ਨੂੰ ਪ੍ਰੋਗਰਾਮ ਜ਼ਰੂਰ ਬਣਾਉਂਦੇ ਰਹਿਣਾ ਚਾਹੀਦਾ ਹੈ। ਜ਼ਰੂਰੀ ਜਾਣਕਾਰੀ ਲੈਣ ਲਈ ਭਾਈ ਮੇਵਾ ਸਿੰਘ ਜੀ ਦਾ ਜੋ ਐਡਰੇਸ ਜੁਲਾਈ 82 'ਸੂਰਾ' ਵਿੱਚ ਦਿੱਤਾ ਗਿਆ ਸੀ, ਉਹ ਉਨ੍ਹਾਂ ਦੀ ਤਬਦੀਲੀ ਹੋ ਜਾਣ ਕਰਕੇ ਹੁਣ ਹੇਠ ਲਿਖੇ ਅਨੁਸਾਰ ਹੈ—

ਸੂਬੇਦਾਰ ਮੇਜਰ ਮੇਵਾ ਸਿੰਘ, S T A Telecom Wing, Customs Preventive,
119, ਚੰਦਰ ਲੋਕ, ਲਖਨਊ (ਫ਼ੋਨ : 84457)



www.AKJ.Org

# ਸਿੱਖ ਇਕ ਵਿਲੱਖਣ ਕੌਮ

[ਵਲੋਂ :—ਸਾਥੀ ਪਾਲ ਸਿੰਘ ਜੀ (ਕਮਿਊਨਿਸਟ ਪਾਰਟੀ) ]

ਨੋਟ:–ਮਾਰਕਸੀ ਪਾਰਟੀ ਦੇ ਸਾਥੀ ਹਰਕਿਸ਼ਨ ਸਿੰਘ ਜੀ ਸਰਜੀਤ ਵਲੋਂ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੂੰ "ਸਿੱਖ ਵਖਰੀ ਕੌਮ" ਹੋਣ ਸੰਬੰਧੀ ਇਕ ਸ਼ੰਕਾਵਾਦੀ ਖੁਲ੍ਹਾ ਪੱਤਰ ਲਿਖਿਆ ਗਿਆ। ਉਸ ਪੱਤਰ ਉਤੇ ਸਾਥੀ ਪਾਲ ਸਿੰਘ ਜੀ ਨੇ ਆਪਣੇ ਮਾਸਕ ਪੱਤਰ "ਪੰਜਾਬੀ ਕੌਮ" ਅਕਤੂਬਰ ੧੯੮੨ ਅੰਕ ਵਿਚ ਟਿਪਣੀ ਭਰਦਿਆਂ ਲਿਖਿਆ ਹੈ–

## *ਫਿਰਕੂ ਵਾਤਾਵਰਣ ਲਈ ਜ਼ਿੰਮੇਵਾਰ ਕੌਣ ?*

"ਇਹ (ਫ਼ਿਰਕੂ ਜ਼ਹਿਰੀਲਾ) ਵਾਤਾਵਰਣ ਨਿਰੋਲ ਤੌਰ ਸੈਂਟਰ ਦੀ ਸਰਮਾਏਦਾਰੀ ਤੇ ਕਾਂਗਰਸ ਸਰਕਾਰ ਦੀਆਂ ਪੰਜਾਬੀ ਲੋਕਾਂ ਵਿਰੋਧੀ ਨੀਤੀਆਂ ਨਾਲ ਖ਼ੁਦ ਇਹਨਾਂ ਵਲੋਂ ਹੀ ਪੈਦਾ ਕੀਤਾ ਗਿਆ ਹੈ। ੧੯੪੭ ਤੋਂ ਲੈ ਕੇ ਹੀ ਇਹਨਾਂ ੩੫ ਸਾਲਾਂ ਵਿਚ ਅੱਜ ਤੱਕ ਪੰਜਾਬ ਰਾਜ ਨੂੰ (ਅਤੇ ਹੋਰਨਾ ਰਾਜਾਂ ਨੂੰ ਵੀ) ਵਧੇਰੇ ਹੱਕ ਨਹੀਂ ਦਿੱਤੇ ਜਾ ਰਹੇ ਹਨ। ਅਤੇ ਅੰਗਰੇਜ਼ਾਂ ਵਾਂਗੂ ਹੀ ਇਸਨੂੰ ਆਪਣੇ ਪੱਕੇ ਮਾਲ ਦੀ ਮੰਡੀ ਬਣਾਇਆ ਹੋਇਆ ਹੈ। ਪੰਜਾਬ ਵਿਚ ਪੈਦਾ ਕੀਤਾ ਸਾਰੇ ਦਾ ਸਾਰਾ ਕੱਚਾ ਮਾਲ ਸੈਂਟਰ ਦੀ ਸਰਮਾਏਦਾਰੀ ਆਪਣੀ ਰਾਜ ਸਤਾ ਦੇ ਤਾਣ ਅੰਗਰੇਜ਼ ਵਾਂਗੂ ਹੀ ਇਸਦਾ ਸਸਤਾ ਭਾਅ ਬੰਨ੍ਹ ਕੇ ਖ਼੍ਰੀਦ ਕੇ ਲੈ ਜਾਂਦੀ ਹੈ। ਅਤੇ ਆਪਣੇ ਕਾਰਖਾਨਿਆਂ ਵਿਚ (ਜੋ ਪੰਜਾਬੋਂ ਬਾਹਰ ਹਨ) ਉਸਦਾ ਪੱਕਾ ਮਾਲ ਬਣਾ ਕੇ ਪੰਜਾਬ ਵਿਚ ਬਹੁਤ ਉਚੇ ਭਾਵਾਂ ਤੇ ਵੇਚ ਕੇ ਪੰਜਾਬੀ ਲੋਕਾਂ ਦੀ ਛਿਲ-ਲਾਊ ਲੁੱਟ ਕਰਦੀ ਹੈ। ਜਿਸ ਕਾਰਨ ਪੰਜਾਬੀ ਲੋਕ ਗਰੀਬ ਅਤੇ ਕੰਗਾਲ ਹਨ। ਉਹਨਾਂ ਦਾ, ਉਹਨਾਂ ਦੇ ਬਾਲ ਬੱਚਿਆਂ ਦਾ ਜੀਵਨ ਦੂਬਰ ਤੇ ਕਸ਼ਟਾਂ ਭਰਿਆ ਹੈ ਤੇ ਗ਼ਰੀਬੀ ਦੇ ਮਾਰੇ ਬਾਹਰਲੇ ਦੇਸ਼ਾਂ ਵਿਚ ਜਾ ਕੇ ਦਿਨ ਗੁਜ਼ਰੀ ਕਰ ਰਹੇ ਹਨ।

ਪੰਜਾਬੀ ਲੋਕ ਇਸ ਲੁੱਟ ਤੇ ਕੰਗਾਲੀ ਨੂੰ ਖਤਮ ਕਰਨ ਵਾਸਤੇ ਵਧੇਰੇ ਹੱਕ ਮੰਗਦੇ ਹਨ। (ਇਹਨਾਂ ਵਿਚ ਸਿੱਖ ਕੌਮ ਦੀ ਬਹੁਗਿਣਤੀ ਹੈ) ਸੈਂਟਰ ਪੰਜਾਬ ਨੂੰ, ਆਪਣੀ ਲੁੱਟ ਕਾਇਮ ਰੱਖਣ ਵਾਸਤੇ ਮੰਡੀ ਬਣਾ ਕੇ ਰੱਖਣਾ ਚਾਹੁੰਦਾ ਹੈ ਅਤੇ ਇਸਨੂੰ ਵਧੇਰੇ ਹੱਕ ਨਹੀਂ ਦਿੰਦਾ। ਲੋਕਾਂ ਅੰਦਰ ਇਸ ਲੁੱਟ ਤੋਂ ਪੈਦਾ ਹੋਏ ਕੰਗਾਲੀ ਕਾਰਨ ਅਸੰਤੁਸ਼ਟਤਾ ਅਤੇ ਬੇਸਬਰੀ ਵੱਧ ਚੁੱਕੀ ਹੈ। ਉਹ ਰਾਜਾਂ ਵਾਸਤੇ ਵਧੇਰੇ ਹੱਕ ਲੈਣ ਲਈ ਜੂਝ ਰਹੇ ਹਨ। ਸੈਂਟਰ ਦੀ ਸਰਮਾਏਦਾਰੀ ਤੇ ਸ੍ਰਕਾਰ ਇਸ ਵਧਰੇ ਹੱਕਾਂ ਦੀ ਲਹਿਰ ਨੂੰ ਕੁਚਲਣਾ ਚਾਹੁੰਦੇ ਹਨ। ਇਸ ਮਕਸਦ ਵਾਸਤੇ ਉਹ ਇਸ ਵਧੇਰੇ ਹੱਕਾਂ ਦੀ ਲਹਿਰ ਨੂੰ ਕੂਟਲਨੀਤੀ ਨਾਲ ਫ਼ਿਰਕੂ ਲਹਿਰ ਵਿਚ ਬਦਲ ਕੇ ਇਸਨੂੰ ਬਦਨਾਮ ਕਰਕੇ ਇਸਦਾ ਖ਼ਾਤਮਾ ਕਰਨ ਲਈ ਤੁਲੇ ਹਨ। ਤੇ ਉਹ ਇਸ ਨੂੰ ਜ਼ਹਿਰੀਲੀ ਫਿਰਕੂ ਅਤੇ ਅਤਿਵਾਦੀਆਂ ਦੀ ਲਹਿਰ (ਝੂਠੇ ਤੌਰ ਤੇ) ਬਣਾ ਦੇਣ ਦੀ ਨੀਤੀ ਅਪਣਾ ਰਹੇ ਹਨ ਅਤੇ ਆਪਣੇ ਏਜੰਟਾਂ ਰਾਹੀਂ ਕਈ ਗ਼ਲਤ-ਕਾਰਵਾਈਆਂ ਕਰਵਾ ਕੇ (ਗਊਆਂ ਦੇ ਸਿਰ ਮੰਦਰਾਂ ਵਿਚ ਸੁਟਣੇ ਅਤੇ ਸਿਗਰਟਾਂ ਹਰਿਮੰਦਰ ਸਾਹਿਬ ਸੁਟਣੀਆਂ ਆਦਿ) ਲੋਕਾਂ ਨੂੰ ਗ਼ਲਤ ਰਾਹ ਪਾ ਰਹੇ ਹਨ। ਅਤੇ ਅਕਾਲੀਆਂ ਨੇ ਸੈਂਟਰ ਦੀਆਂ ਵਧੀਕੀਆਂ ਦੇ ਬਰਖ਼ਿਲਾਫ਼ ਮੋਰਚਾ ਲਾ ਦਿਤਾ ਹੈ ਅਤੇ ਕੁਛ ਮੰਗਾਂ ਪੇਸ਼ ਕੀਤੀਆਂ ਹਨ ਜਿਨ੍ਹਾਂ ਵਿਚ ਇਕ ਉੱਘੀ ਮੰਗ ਪੰਜਾਬ ਲਈ ਵਧੇਰੇ ਹੱਕਾਂ ਦੀ ਮੰਗ ਹੈ। ਉਹਨਾਂ ਦੀਆਂ ਮੰਗਾਂ ਵਿਚ ਖਾਲਿਸਤਾਨ ਦੀ ਮੰਗ ਹੈ ਨਹੀਂ। ਇਸ ਮੋੜ ਤੇ ਇਸ ਵੇਲੇ ਪੰਜਾਬ ਦਾ ਮਸਲਾ ਖੜਾ ਹੈ।......
..................................।"


www.AKJ.Org

## ਸਿਖ ਨਿਰਸੰਦੇਹ ਹੀ ਇਕ ਕੌਮ ਹਨ

**ਹੁਣ ਅਸੀਂ ਸਾਥੀ ਦੇ ਉਠਾਏ ਦੂਜੇ ਨੁਕਤੇ ਨੂੰ ਲੈਂਦੇ ਹਾਂ ਕਿ 'ਸਿੱਖ ਇਕ ਕੌਮ ਨਹੀਂ ਹਨ।'**

ਅਸੀਂ ਸਮਝਦੇ ਹਾਂ ਕਿ ਸਾਥੀ ਦੀ ਇਹ ਗੱਲ ਗ਼ਲਤ ਹੈ। ਕਿਸੇ ਲੋਕਾਂ ਦੇ ਸਮੂੰਹ ਦੇ ਇਕ ਕੌਮ ਹੋਣ ਜਾਂ ਨਾ ਹੋਣ ਨੂੰ ਪਰਖਣ ਵਾਸਤੇ ਜਿਹੜੀ ਕਸਵਟੀ ਸਾਥੀ ਨੇ ਦਿਤੀ ਹੈ ਉਸ ਅਨੁਸਾਰ ਸਿਖ ਨਿਰਸੰਦੇਹ ਹੀ ਇਕ ਕੌਮ ਹਨ।

ਕਸਵਟੀ ਸਾਥੀ (ਹਰਕਿਸ਼ਨ ਸਿੰਘ) ਨੇ ਚਿਠੀ ਵਿਚ ਇਹ ਦਿੱਤੀ ਹੈ–'ਕਿ ਕੌਮ ਕੀ ਹੈ ? ਕੌਮ ਇਤਿਹਾਸਕ ਤੌਰ ਤੇ ਹੋਂਦ ਵਿਚ ਆਇਆਂ ਲੋਕਾਂ ਦਾ ਸਮਾਜਕ ਸਮੂਹ ਹੈ (ਕਮਿਊਨਿਟੀ)। ਇਸ ਦੀ ਸਭ ਤੋਂ ਪਹਿਲੀ ਪਛਾਣ ਜੀਵਨ ਦੀ ਪਦਾਰਥਕ ਹਾਲਤਾਂ ਭਾਵ ਆਰਥਕ ਜੀਵਨ ਅਤੇ ਇਲਾਕੇ ਦੀ ਸਾਂਝ ਹੈ, ਭਾਸ਼ਾ, ਮਾਨਸਕ ਬਣਤਰ ਦੀ ਸਾਂਝ ਅਤੇ ਨਾਲ ਹੀ ਕੌਮੀ ਖਾਸੇ ਦੇ ਕੁਛ ਨਿਸਚਿਤ ਲਛਣਾਂ ਦੀ ਸਾਂਝ, ਜਿਹੜੇ ਇਸ ਕੋਮੀ ਵਿਲੱਖਣਤਾ ਵਿਲੱਖਣਤਾ ਵਿਚ ਪ੍ਰਗਟ ਹੁੰਦੇ ਹਨ। ਇਹ ਸਮਾਜ ਦੇ ਵਿਕਾਸ ਦੇ ਇਕ ਨਿਸਚਿਤ ਪੜਾਅ ਅਤੇ ਪੂੰਜੀਵਾਦੀ ਬਣਤਰ ਦੇ ਹੋਂਦ ਵਿਚ ਆਉਣ ਨਾਲ ਹੋਂਦ ਵਿਚ ਆਉਂਦਾ ਹੈ।'

ਇਹ ਕਸਵੱਟੀ ਸਾਥੀ ਨੇ ਆਪਣੀ ਚਿਠੀ ਵਿਚ ਦਿਤੀ ਹੈ। ਅਤੇ ਸਿਖ-ਸਮੂਹ ਨੂੰ ਇਸ ਕਸਵੱਟੀ ਉਤੇ ਲਾਇਆਂ ਬਗ਼ੈਰ ਹੀ ਫ਼ੈਸਲਾ ਦੇ ਦਿਤਾ ਹੈ ਕਿ ਇਹ ਸਿੱਖਾਂ ਤੇ ਲਾਗੂ ਨਹੀਂ ਹੁੰਦਾ, ਇਸ ਲਈ ਉਹ ਕੌਮ ਨਹੀਂ ਹਨ।

ਆਓ ! ਸਿਖ ਲੋਕ-ਸਮੂਹ ਨੂੰ ਇਸ ਕਸਵੱਟੀ ਤੇ ਲਾਈਏ। ਇਸ ਕਸਵੱਟੀ ਤੇ ਲਾਇਆਂ ਹੇਠ ਲਿਖੇ ਸਵਾਲ ਉਠਦੇ ਹਨ :

੧. ਕੀ ਸਿੱਖ ਇਕ ਇਤਿਹਾਸਕ ਤੌਰ ਤੇ ਹੋਂਦ ਵਿਚ ਆਇਆਂ ਲੋਕਾਂ ਦਾ ਸਮੂਹ ਹੈ ?

੨. ਕੀ ਸਿੱਖਾਂ ਦਾ ਕਲਚਰ ਵਖਰਾ ਹੈ ?

੩. ਕੀ ਸਿੱਖਾਂ ਦੀ ਇਕ ਸਾਂਝੀ ਬੋਲੀ ਹੈ?ਕਿ ਉਹ ਕਈ ਵਖਰੀਆਂ ਵਖਰੀਆਂ ਬੋਲੀਆਂ ਬੋਲਦੇ ਹਨ?

੪. ਕੀ ਸਿੱਖ ਜੁਗਰਾਫ਼ਿਆਈ ਤੌਰ ਤੇ ਇਕ ਸਾਂਝੇ ਇਲਾਕੇ ਵਿਚ ਵਸਦੇ ਹਨ ?

੫. ਕੀ ਇਹਨਾਂ ਦੀ ਆਰਥਕ ਸਾਂਝ ਹੈ ? ੬. ਕੀ ਇਹਨਾਂ ਦੀ ਮਾਨਸਕ ਬਣਤਰ ਸਾਂਝੀ ਹੈ ?

ਸਿੱਖ ਇਸ ਕਸਵੱਟੀ ਦੇ ਸਾਰੇ ਹੀ ਟੀਚਿਆਂ ਤੇ ਪੂਰੇ ਉਤਰਦੇ ਹਨ। ਅਸੀਂ ਇਨ੍ਹਾਂ ਨੂੰ 'ਕੱਲੇ 'ਕੱਲੇ ਨੂੰ ਸਿੱਖਾਂ ਤੇ ਲਾਗੂ ਕਰ ਕੇ ਸਾਬਤ ਕਰਦੇ ਹਾਂ।

ਸਿੱਖ ਇਤਿਹਾਸਕ ਤੌਰ ਤੇ ਉਸਰਿਆ ਇਕ ਲੋਕਾਂ ਦਾ ਸਮੂਹ ਹੈ ਅਤੇ ਇਨ੍ਹਾਂ ਦਾ ਸਭਿਆਚਾਰ ਵੀ ਵਖਰਾ ਹੈ। ਉਹ ਇਸ ਤਰ੍ਹਾਂ ਹੈ ਕਿ ਇਹ ਪਹਾੜ ਜਿੱਡਾ ਤਥ ਹੈ ਕਿ ਗੁਰੂ ਨਾਨਕ ਤੋਂ ਪਹਿਲਾਂ ਸਿੱਖ ਕੌਮ ਹੈ ਨਹੀਂ ਸੀ। ਜਦੋਂ ਗੁਰੂ ਨਾਨਕ ਜੀ ਹੋਏ, ਉਸ ਵੇਲੇ ਦੁਨੀਆ ਵਿਚ ਚਲ ਰਹੇ ਪਾਪ, ਜ਼ੁਲਮ, ਠਗੀ, ਮਾੜੇ ਲੋਕਾਂ ਦਾ ਜਾਬਰਾਂ ਵਲੋਂ ਲੁਟੇ ਜਾਣਾ ਤੇ ਲਤਾੜੇ ਜਾਣਾ, ਆਦਿ ਨੇ ਉਨ੍ਹਾਂ ਦੇ ਮਨ ਉਤੇ ਬੜਾ ਡੂੰਘਾ ਅਸਰ ਕੀਤਾ। ਉਹਨਾਂ ਨੇ ਲੋਕਾਂ ਦੇ ਸਮੁਚੇ ਜੀਵਨ ਦਾ ਅਧਿਅਨ ਕੀਤਾ ਅਤੇ ਉਹਨਾਂ ਦੇ ਕਸ਼ਟ, ਕਲੇਸ਼ਾਂ ਦੇ ਕਾਰਨ ਅਤੇ ਹੱਲ ਲਭਣ ਦਾ ਯਤਨ ਕੀਤਾ। ਉਹਨਾਂ ਵੇਖਿਆ ਕਿ ਲੋਕਾਂ ਦਾ ਸਭਿਆਚਾਰ ਗ਼ੈਰ-ਵਿਗਿਆਨਕ ਸੀ। ਲੋਕ ਪੱਥਰ ਦੇ ਬੁੱਤਾਂ ਨੂੰ ਸਰਬ ਸ਼ਕਤੀਮਾਨ ਸਮਝਦੇ ਸਨ। ਪੱਥਰਾਂ ਦੀਆਂ ਮੂਰਤੀਆਂ ਤੇ ਕਬਰਾਂ ਨੂੰ ਪੂਜਦੇ ਸਨ। ਉਹਨਾਂ ਕੋਲ ਮੰਨਤਾਂ ਮੰਨਦੇ ਸਨ ਅਤੇ ਉਨ੍ਹਾਂ ਕੋਲੋਂ ਪੁਤਾਂ ਦੀਆਂ, ਮਾਇਆ ਦੀਆਂ ਅਤੇ ਆਪਣੇ ਦੁਸ਼ਮਣਾਂ ਉਤੇ ਜਿੱਤ ਪਰਾਪਤ ਕਰਨ ਦੀਆਂ ਮੁਰਾਦਾਂ ਮੰਗਦੇ ਸਨ। ਟੂਣਿਆਂ ਤਵੀਤਾਂ ਤੇ ਚੱਕਰਾਂ ਵਿਚ ਫਸੇ ਹੋਏ ਸਨ, ਆਦਿ ਆਦਿ। ਇਹ ਉਸ ਵੇਲੇ ਲੋਕਾਂ ਦਾ ਸਭਿਆਚਾਰ ਸੀ ਅਤੇ ਕੁਲ ਦਾ ਕੁਲ ਗ਼ੈਰ-ਵਿਗਿਆਨਕ ਸੀ ਅਤੇ ਇਹ ਵਹਿਮਾਂ, ਝੂਠਾਂ ਅਤੇ ਭਰਮਾਂ ਦਾ ਸੋਮਾ ਸੀ। ਇਸ ਸਭਿਆਚਾਰ ਤੋਂ ਡਰ, ਸਹਿਮ, ਡਰਪੋਕਤਾ, ਈਰਖਾਵਾਂ ਅਤੇ ਨਿਰਾਸਤਾਵਾਂ ਨਿਕਲਦੀਆਂ ਸਨ।



www.AKJ.Org

ਉਸ ਪੁਰਾਣੇ ਗ਼ੈਰ-ਵਿਗਿਆਨਕ ਸਭਿਆਚਾਰ ਅਤੇ ਗੁਰੂ ਨਾਨਕ ਦੇ ਨਵੇਂ ਦਿਤੇ ਵਿਗਿਆਨਕ ਸਭਿਆਚਾਰ ਵਿਚ ਫ਼ਰਕ ਦਸਣ ਵਾਸਤੇ ਅਸੀਂ ਗੁਰੂ ਨਾਨਕ ਦੇਵ ਦੀ ਇਕ ਮਿਸਾਲ ਦੇਂਦੇ ਹਾਂ। ਉਹਨਾਂ ਆਖਿਆ ਕਿ :—"ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ?" ਭਾਵ ਪੁਰਾਣੇ ਖ਼ਿਆਲ ਆਖਦੇ ਸਨ ਕਿ ਧਰਤੀ ਇਕੋ ਹੈ ਤੇ ਉਹ ਇਕ ਬੋਲਦ ਦੇ ਸਿੰਗਾਂ ਉੱਤੇ ਰੱਖੀ ਹੋਈ ਹੈ। ਗੁਰੂ ਨਾਨਕ ਨੇ ਦਸਿਆ ਕਿ ਇਹ ਖ਼ਿਆਲ ਗਲਤ ਹੈ, ਵਹਿਮ ਹੈ। ਧਰਤੀਆਂ ਬਹੁਤ ਹਨ ਅਤੇ ਉਹਨਾਂ ਨੂੰ ਕਿਸੇ ਵੀ ਬੋਲਦ ਨੇ ਨਹੀਂ ਚੁਕਿਆ ਹੋਇਆ। ਉਹਨਾਂ ਹੋਕਾ ਦਿਤਾ ਕਿ ਇਹ ਵਾਲੇ (ਉੱਪਰ ਦਸੇ ਖਿਆਲ) ਭਾਵ ਉਤਲਾ ਸਭਿਆਚਾਰ ਗ਼ਲਤ ਹੈ। ਪੱਥਰ ਦੀ ਮੂਰਤੀ, ਦੇਵੀ, ਜਾਂ ਠਾਕਰ, ਕਬਰ ਜਾਂ ਖ਼ਾਨਕਾਹਾਂ, ਤਵੀਤ ਜਾਂ ਟੂਣੇ ਵਿਚ ਕੋਈ ਸ਼ਕਤੀ ਨਹੀਂ। ਇਹ ਨਾ ਪੁੱਤ ਦੇ ਸਕਦੇ ਹਨ, ਨਾ ਮਾਇਆ, ਨਾ ਦੁਸ਼ਮਨ ਤੇ ਵਿਜੇ ਅਤੇ ਨਾ ਕੋਈ ਹੋਰ ਦਾਤ। ਉਹਨਾਂ ਉਸ ਗ਼ੈਰ-ਵਿਗਿਆਨਕ ਸਭਿਆਚਾਰ ਦਾ ਪੂਰਨ ਖੰਡਨ ਕੀਤਾ ਅਤੇ ਉਹਨਾਂ ਸਮਿਆਂ ਦੇ ਮੇਚੇ ਅਨੁਸਾਰ ਵਿਗਿਆਨਕ ਸਭਿਆਚਾਰ ਪੇਸ਼ ਕੀਤਾ। ਨਵੇਂ ਸਭਿਆਚਾਰ ਵਿਚ ਬੰਦੇ ਦੇ ਚੰਗੇ ਜੀਵਨ ਦਾ ਆਧਾਰ ਬੰਦੇ ਦੀ 'ਕਰਨੀ' (actions) ਨੂੰ ਬਣਾਇਆ ਅਤੇ ਵਡੀਆਂ ਪ੍ਰਾਪਤੀਆਂ ਲਈ ਦੇਵੀ ਦੇਵਤਿਆਂ ਨੂੰ ਅਧਾਰ ਨਹੀਂ ਬਣਾਇਆ, ਬਲਕਿ ਬੰਦੇ ਦੀ ਆਪਣੀ ਹਿੰਮਤ ਅਤੇ ਮਨੋ-ਬਲ ਨੂੰ ਬਣਾਇਆ। ਇਸ ਸਭਿਆਚਾਰ ਨੇ ਲੋਕਾਂ ਵਿਚ ਗਿਆਨ ਦਾ ਚਾਨਣ, ਸਵੈ-ਵਿਸ਼ਵਾਸ ਤੇ ਸਵੈ-ਮਾਣ ਪੈਦਾ ਕੀਤਾ। ਜ਼ੁਲਮ ਦੇ ਮੁਕਾਬਲੇ ਵਾਸਤੇ ਸੂਝ ਤੇ ਨਿਡਰਤਾ ਦਿਤੀ।

ਜਿਨ੍ਹਾਂ ਨੇ ਇਹ ਨਵਾਂ ਸਭਿਆਚਾਰ ਅਪਣਾਇਆ, ਉਹ ਸਿੱਖ ਕੌਮ ਦਾ ਮੁੱਢ ਬਣੇ। ਗੁਰੂ ਨਾਨਕ ਨੇ ਉਸ ਵੇਲੇ ਪ੍ਰਵੇਸ਼ਕ ਆਰਥਿਕਤਾ ਦਾ ਅਧਿਅਨ ਕੀਤਾ ਅਤੇ ਪ੍ਰਵੇਸ਼ਕ ਆਰਥਕ ਜ਼ੁਲਮ ਤੇ ਆਰਥਕ ਅਸਮਾਨਤਾ ਨੂੰ ਨੰਗਿਆਂ ਕੀਤਾ। ਮਲਕ ਭਾਗੋ ਦੀ ਰੋਟੀ ਵਿਚੋਂ ਲਹੂ ਕਢਿਆ ਅਤੇ ਭਾਈ ਲਾਲੋ ਦੀ ਰੋਟੀ ਵਿਚੋਂ ਦੁੱਧ। ਅਤੇ ਮਲਕ ਭਾਗੋ ਦੀ ਰੋਟੀ ਖਾਣ ਤੋਂ ਨਾਂਹ ਕਰ ਕੇ ਉਹਨਾਂ ਨੇ ਆਰਥਕ ਜ਼ੁਲਮ ਦੇ ਵਿਰੁਧ ਸੰਘਰਸ਼ ਦਾ ਰਾਹ ਕਢਿਆ। ਉਹਨਾਂ ਨੇ ਉਸੇ ਵੇਲੇ ਸਿਆਸੀ ਜ਼ੁਲਮ ਦੇ ਵਿਰੁਧ ਆਵਾਜ਼ ਉਠਾ ਕੇ ਸੰਘਰਸ਼ ਦਾ ਰਾਹ ਦਸਿਆ। ਉਹਨਾਂ ਨੇ ਆਖਿਆ ਕਿ 'ਰਾਜੇ ਸ਼ੀਂਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥'

ਸੋ ਗੁਰੂ ਨਾਨਕ ਨੇ ਉਸ ਵੇਲੇ ਦੇ ਲੋਕਾਂ ਦੇ ਜੀਵਨ ਦੇ ਸਮਾਜਕ, ਸਭਿਆਚਾਰਕ, ਆਰਥਕ ਤੇ ਸਿਆਸੀ ਪੱਖਾਂ ਬਾਰੇ ਇਕ ਨਵੀਂ ਇਨਕਲਾਬੀ ਫ਼ਿਲਾਸਫ਼ੀ (ਵਿਚਾਰਧਾਰਾ) ਦਿਤੀ। ਜਿਨ੍ਹਾਂ ਨੇ ਇਸ ਫ਼ਲਸਫ਼ੇ ਨੂੰ ਅਪਣਾਇਆ, ਉਹ ਸਿੱਖ ਬਣੇ। ਇਸ ਤਰ੍ਹਾਂ ਇਤਿਹਾਸਕ ਤੌਰ ਤੇ ਇਕ ਨਵੇਂ ਵਿਚਾਰ-ਧਾਰਾ, ਨਵੇਂ ਸਭਿਆਚਾਰ ਉਤੇ ਅਧਾਰਤ ਇਕ ਨਵਾਂ ਲੋਕਾਂ ਦਾ ਭਾਈਚਾਰਾ, ਭਾਵ ਸਿੱਖ ਭਾਈਚਾਰਾ ਰਖਿਆ ਗਿਆ।

ਇਸੇ ਵਿਚਾਰਧਾਰੇ ਅਤੇ ਸਭਿਆਚਾਰਕ, ਆਰਥਕ, ਸਮਾਜਕ ਤੇ ਸਿਆਸੀ ਇਨਕਲਾਬ ਦੇ ਮਿਸ਼ਨ ਨੂੰ ਅਗਾਂਹ ਤੋਰਨ ਦੇ ਜਤਨਾਂ ਦੇ ਕਾਰਨਾਂ ਕਰਕੇ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਤਤੀਆਂ ਲੋਹਾ ਦੇ ਤਸੀਹੇ ਦੇ ਕੇ ਸ਼ਹੀਦ ਕਰਵਾ ਦਿਤਾ। ਇਹ ਸਿਆਸੀ ਜ਼ੁਲਮ ਤੇ ਸਿਆਸੀ ਸ਼ਹੀਦੀ ਸੀ। ਚੰਦੂ ਸਵਾਈਏ ਦੀ ਕਹਾਣੀ ਬਹਾਨੇ ਵਾਸਤੇ ਘੜੀ ਗਈ ਸੀ। ਇਹ ਸਿੱਖ ਕੌਮ ਦੀ ਉਸਾਰੀ ਵਿਚ ਇਕ ਬੜੀ ਵਡੀ ਇਤਿਹਾਸਕ ਘਟਨਾ ਸੀ।

ਇਸੇ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਨਾਨਕ ਦੇ ਮਿਸ਼ਨ ਨੂੰ ਹੋਰ ਅੱਗੇ ਵਧਾਇਆ। ਉਹਨਾਂ ਨੇ ਜ਼ੁਲਮਾਂ ਦੇ ਵਿਰੁਧ ਇਸ ਮਿਸ਼ਨ ਦੀ ਪੂਰਤੀ ਲਈ ਸਿਆਸੀ ਅਤੇ ਫ਼ੌਜੀ ਪੱਖ ਤੇ ਵਿਸ਼ੇਸ਼ ਜ਼ੋਰ ਦਿਤਾ। (ਸਿਆਸਤ ਤੇ ਰਾਜ ਭਾਗ ਵਾਸਤੇ) ਮੀਰੀ ਦੀ ਤਲਵਾਰ ਪਹਿਨੀ। ਸਿਆਸੀ ਕੈਦਾਂ ਕਟੀਆਂ। ਮੁਗ਼ਲ ਫ਼ੌਜਾਂ ਨਾਲ ਫ਼ੌਜੀ ਜੰਗਾਂ ਲੜੀਆਂ। (ਉਹ ਮਜ਼ਬੀ ਜੁਧ ਨਹੀਂ ਸੀ)। ਇਹ ਵੀ ਸਿਖ ਭਾਈਚਾਰੇ ਦਾ ਬਣਨ ਦਾ


www.AKJ.Org

ਇਤਿਹਾਸ ਹੈ। ਗੁਰੂ ਤੇਗ ਬਹਾਦਰ ਦੀ ਸ਼ਹੀਦੀ ਵੀ ਇਸ ਕੌਮ ਦੇ ਬਣਨ ਦਾ ਇਤਿਹਾਸ ਹੈ।

ਅਸੀਂ ਗੱਲ ਇਹ ਕਰ ਰਹੇ ਹਾਂ ਕਿ ਸਿਖ ਭਾਈਚਾਰਾ ਇਤਿਹਾਸਕ ਤੌਰ ਤੇ ਹੋਂਦ ਵਿਚ ਆਇਆਂ ਲੋਕਾਂ ਦਾ ਸਮੂਹ ਹੈ। ਇਸੇ ਭਾਈਚਾਰੇ ਦੇ ਇਤਿਹਾਸਕ ਪੱਖ ਨੂੰ ਜਾਰੀ ਰਖਦਿਆਂ ਗੁਰੂ ਗੋਬਿੰਦ ਸਿੰਘ ਜੀ ਦੀ ਗੱਲ ਲੌ। ਗੁਰੂ ਗੋਬਿੰਦ ਸਿੰਘ ਜੀ ਮੁਗ਼ਲ ਰਾਜ ਦੇ ਸਮਾਜਕ, ਆਰਥਕ ਤੇ ਸਿਆਸੀ ਜ਼ੁਲਮ ਨੂੰ ਖ਼ਤਮ ਕਰਨ ਵਾਸਤੇ ਲੜ ਰਹੇ ਸਨ। ਉਹ ਮਜ਼ਬੀ ਲੜਾਈ, ਭਾਵ ਮੁਸਲਮਾਨਾਂ ਨੂੰ ਸਿਖ ਬਣਾਉਣ ਦੀ ਲੜਾਈ ਨਹੀਂ ਸਨ ਲੜ ਰਹੇ। ਜਦੋਂ ਸਿੱਖ ਕੌਮ ਨੂੰ ਖ਼ਤਮ ਕਰਨ ਵਾਸਤੇ ਮੁਗ਼ਲ ਫੌਜਾਂ ਨੇ ਆਨੰਦਪੁਰ ਕਿਲ੍ਹੇ ਨੂੰ ਘੇਰਾ ਪਾਇਆ ਸੀ, ਕੀ ਇਹ ਇਤਿਹਾਸਕ ਮੋਟੀ ਘਟਨਾ ਨਹੀ ਸੀ? ਇਹ ਲੜਾਈ ਸਿੱਖ ਕੌਮ ਦੀ ਹੋਂਦ ਨੂੰ ਕਾਇਮ ਰਖਣ ਤੇ ਜ਼ੁਲਮ ਨੂੰ ਮੁਕਾਉਣ ਦੀ ਲੜਾਈ ਅਤੇ ਮੁਗ਼ਲ ਰਾਜ-ਸੱਤਾ ਨੂੰ ਫ਼ੌਜੀ ਤਾਕਤ ਨਾਲ ਖੋਹਣ ਦਾ ਯੁੱਧ ਸੀ। ਕੀ ਇਹ ਇਤਿਹਸਕ ਕਾਰਨਾਮਾ ਨਹੀਂ ਸੀ? ਅਤੇ ਸਿੱਖ ਭਾਈਚਾਰੇ ਦਾ ਨਹੀਂ ਸੀ? ਅਤੇ ਨਾਲੇ ਨਿਰੋਲ ਸਿਆਸੀ ਸੀ?

ਉਧਰ ਜਿਸ ਤਰ੍ਹਾਂ ਅਸਾਂ ਉਪਰ ਦਸਿਆ ਹੈ, ਮੁਗ਼ਲ ਫ਼ੌਜਾਂ ਦਾ ਅਨੰਦਪੁਰ ਸਾਹਿਬ ਨੂੰ ਘੇਰਾ ਸਿੱਖ ਕੌਮ ਨੂੰ ਖ਼ਤਮ ਕਰਨ ਦਾ ਘੇਰਾ ਸੀ। ਕਿਉਂਕਿ ਮੁਗ਼ਲ ਸਿੱਖ ਕੌਮ ਨੂੰ ਖ਼ਤਮ ਕਰਨਾ ਚਾਹੁੰਦੇ ਸਨ? ਇਸ ਕਰਕੇ ਨਹੀਂ ਕਿ ਮੁਸਲਮਾਨਾਂ ਤੇ ਸਿੱਖਾਂ ਦਾ ਯੁਧ ਮਜ਼ਬੀ ਯੁਧ ਸੀ, ਬਲਕਿ ਇਸ ਕਰਕੇ ਕਿ ਮੁਗ਼ਲ ਸਿੱਖ ਕੌਮ ਨੂੰ ਖ਼ਤਮ ਕਰਨਾ ਚਾਹੁੰਦੇ ਸਨ, ਕਿਉਂਕਿ ਸਿੱਖ ਕੌਮ ਮੁਗ਼ਲਾਂ ਦੇ ਜਾਗੀਰੂ, ਲੋਕ-ਵਿਰੋਧੀ ਜ਼ਾਲਮ ਰਾਜ ਤੇ ਤਖ਼ਤੋ ਤਾਜ ਨੂੰ ਖ਼ਤਮ ਕਰਨ ਵਾਸਤੇ ਹਥਿਆਰਬੰਦ ਫੌਜੀ ਸੰਘਰਸ਼ ਲੜ ਰਹੇ ਸਨ। ਮੁਗ਼ਲ ਫੌਜਾਂ ਉਸ ਵੇਲੇ ਸਿੱਖ ਕੌਮ ਤੋਂ ਇਲਾਵਾ ਦੂਜੇ ਗ਼ੈਰ ਮੁਸਲਮਾਨ ਹਿੰਦੂ ਪਹਾੜੀ ਰਾਜਿਆਂ ਦੇ ਵਿਰੁਧ ਕਿਉਂ ਫ਼ੌਜੀ ਹਮਲੇ ਨਹੀਂ ਸਨ ਕਰਦੇ? ਕਿਉਂਕਿ ਸਿੱਖ ਕੌਮ ਇਕ ਵੱਖਰੀ ਕੌਮ ਸਨ ਅਤੇ ਮੁਗ਼ਲੀ ਜਾਗੀਰੂ ਨੂੰ ਬਰਦਾਸ਼ਤ ਨਹੀਂ ਸਨ ਕਰਦੇ ਤੇ ਥਲੇ ਲਗ ਕੇ ਜ਼ੁਲਮ ਨਾਲ ਕਾਇਰਾਂ ਵਾਲਾ ਸਮਝੌਤਾ ਨਹੀਂ ਸਨ ਕਰਦੇ। ਇਹ ਹਮਲਾ ਸਿੱਖ ਕੌਮ ਨੂੰ ਖ਼ਤਮ ਕਰਨ ਦੇ ਨਾਲ ਇਸ ਕੌਮ ਦਾ ਨਵਾਂ ਵਿਚਾਰਧਾਰਾ ਖ਼ਤਮ ਕਰਨ ਦਾ ਹਮਲਾ ਸੀ। ਸਮਾਜਕ, ਆਰਥਕ ਸਿਆਸੀ ਤੇ ਸਭਿਆਚਾਰਕ ਜ਼ੁਲਮ ਅਤੇ ਉਸ ਜ਼ੁਲਮ ਦੇ ਸੋਮੇ ਮੁਗ਼ਲ ਰਾਜ ਨੂੰ ਖਤਮ ਕਰਨ ਦਾ ਜੋ ਮਨੋਵਿਗਿਆਨਕ (Psychology) ਵਿਚਾਰਧਾਰਾ ਸਿੱਖ ਕੌਮ ਵਿਚ ਪੈਦਾ ਹੋਇਆ ਸੀ, ਉਸ ਨੂੰ ਖ਼ਤਮ ਕਰਨ ਦਾ ਹਮਲਾ ਸੀ। ਅਤੇ ਹਮਲਾ ਇਕ ਇਤਿਹਾਸ ਸੀ।

ਬੰਦਾ ਸਿੰਘ ਬਹਾਦਰ ਨੇ ਜਦੋਂ ਗੁਰੂ ਗੋਬਿੰਦ ਸਿੰਘ ਦੇ ਇਨਕਲਾਬੀ ਮਿਸ਼ਨ ਨੂੰ ਅੱਗੇ ਵਧਾਉਣ ਵਾਸਤੇ ਸਿੱਖ ਭਾਈਚਾਰੇ ਦੀ 35, 40 ਹਜ਼ਾਰ ਫ਼ੌਜ ਇਕੱਠੀ ਕੀਤੀ ਅਤੇ ਮੁਗ਼ਲ ਰਾਜ ਨੂੰ ਖ਼ਤਮ ਕਰਨ ਵਾਸਤੇ ਬੀੜਾ ਉਠਾ ਕੇ ਉਨ੍ਹਾਂ ਨੂੰ ਲੱਕ-ਤੋੜਵੀਆਂ ਹਾਰਾਂ ਦਿੱਤੀਆਂ, ਕੀ ਇਹ ਇਤਿਹਾਸ ਨਹੀਂ? ਅਤੇ ਕੀ ਇਹ ਸਿੱਖ ਭਾਈਚਾਰੇ ਜਾਂ ਸਿੱਖ ਕੌਮ ਦਾ ਇਤਿਹਾਸ ਨਹੀਂ? ਕੀ ਇਹ ਦਿੱਲੀ ਵਿਚੋਂ ਮੁਗ਼ਲ ਜ਼ਾਲਮ ਨੂੰ ਖ਼ਤਮ ਕਰਨ ਦਾ ਯੁਧ ਨਹੀਂ ਸੀ?

ਫ਼ਰਵਰੀ 1762 ਵਿਚ ਸਿੱਖ ਕੌਮ ਦੇ ਸੂਰਬੀਰਾਂ ਨੇ ਹਿੰਦੁਸਤਾਨ ਦੇ ਰੋਜ਼ ਦਿਹਾੜੀ ਦੇ ਲੁਟੇਰੇ ਨਾਲ ਲੁਧਿਆਣੇ ਟੱਕਰ ਲਈ, ਜਿਸ ਵਿਚ 20 ਹਜ਼ਾਰ ਸਿੱਖ ਯੋਧੇ ਸ਼ਹੀਦ ਹੋਏ। ਅਬਦਾਲੀ ਲੁਟ ਕਰਨ ਆਉਂਦਾ ਸੀ, ਜ਼ੁਲਮ ਤੇ ਲੁਟ ਦਾ ਝੰਡਾ ਲੈ ਕੇ ਹਿੰਦੁਸਤਾਨ ਨੂੰ ਕਾਬਲ ਦੇ ਰਾਜ ਅਧੀਨ ਕਰਨ ਆਉਂਦਾ ਸੀ। ਉਸਦਾ ਉਦੇਸ਼ ਧਾਰਮਕ ਅਤੇ ਮੁਸਲਮਾਨ ਬਨਾਉਣਾ ਨਹੀਂ ਸੀ। ਸਿੱਖਾਂ ਨੇ ਇਥੇ ਉਸ ਜ਼ਾਲਮ ਲੁਟੇਰੇ ਦਾ ਮੁਕਾਬਲਾ ਕੀਤਾ ਅਤੇ ਸਿੱਖ ਕੌਮ ਵਲੋਂ ਇਤਿਹਾਸ ਵਿਚ ਇਕ ਸੁਨਹਿਰੀ ਵਰਕਾ ਲਿਖਿਆ, ਜਿਹੜਾ ਅਮਿੱਟ ਹੈ।

ਸੋ ਇਤਿਹਾਸ ਇਹ ਸਿਧ ਕਰਦਾ ਹੈ ਕਿ ਸਿੱਖ ਭਾਈਚਾਰਾ ਇਕ ਇਤਿਹਾਸਕ ਤੌਰ ਤੇ ਹੋਂਦ ਵਿਚ ਆਇਆ ਲੋਕ-ਸਮੂਹ ਹੈ ਅਤੇ ਇਸ ਦਾ ਇਕ ਵਖਰਾ ਸਾਂਝਾ ਸਭਿਆਚਾਰ ਹੈ।

ਤੀਸਰੇ ਸਿੱਖਾਂ ਦੀ ਬੋਲੀ, ਭਾਵ ਪੰਜਾਬੀ ਬੋਲੀ ਸਾਂਝੀ ਹੈ। ਚੌਥੇ ਇਨ੍ਹਾਂ ਦਾ ਜੁਗਰਾਫ਼ਿਆਈ ਇਲਾਕਾ



www.AKJ.Org

ਪੰਜਾਬ ਵੀ ਸਾਂਝਾ ਹੈ। ਪੰਜਵੇਂ ਇਨ੍ਹਾਂ ਦੀ ਮਾਨਸਕ ਬਣਤਰ ਸਮਾਨ ਹੈ। ਮਿਸਾਲ ਦੇ ਤੌਰ ਤੇ ਸੱਚ ਬੋਲਣਾ, ਕਿਰਤ ਕਰਨੀ, ਵੰਡ ਛਕਣਾ, ਜ਼ੁਲਮ ਕਰਨ ਵਾਲੇ ਦੇ ਬਰਖ਼ਿਲਾਫ਼ ਸੰਘਰਸ਼ ਕਰਨਾ, ਮਾੜੇ ਦੀ ਮਦਦ ਕਰਨੀ। ਜਿਸ ਤਰ੍ਹਾਂ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਆਖਿਆ ਹੈ ਕਿ :—

"ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨਿ" ॥

ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ ਹੈ ਕਿ :—

ਦੇਹ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ ॥
ਨਾ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ ॥

ਸੋ ਸਿੱਖ ਭਾਈਚਾਰਾ ਸਾਬੀ ਵਲੋਂ ਕੌਮ ਦੀ ਪਰਖ ਵਾਸਤੇ ਦਿੱਤੀ ਕਸਵੱਟੀ ਉਤੇ ਹਰ ਪਖੋਂ ਪੂਰਾ ਉਤਰਦਾ ਹੈ ਅਤੇ ਇਹ ਭਾਈਚਾਰਾ, ਨਿਰਸੰਦੇਹ ਤੌਰ ਤੇ ਇਕ ਕੌਮ ਹੈ।

ਅਗੇ ਸਾਬੀ ਆਖਦਾ ਹੈ ਕਿ :—"ਸਿੱਖ ਧਰਮ ਸਿਰਫ਼ ਚਾਰ ਸਦੀਆਂ ਪੁਰਾਣਾ ਹੈ। ਇਸ ਤੋਂ ਇਲਾਵਾ ਪੰਜਾਬ ਦੇ ਕਈ ਭਾਗਾਂ ਵਿਚ ਸੌ ਸਾਲ ਤੋਂ ਵੀ ਕੁਛ ਘਟ ਸਾਲ ਪਹਿਲਾਂ ਮੌਜੂਦਾ ਸਿਖ ਪਰੀਵਾਰਾਂ ਵਿਚੋਂ ਬਹੁਤਿਆਂ ਵਿਚ ਹਿੰਦੂ ਰੀਤੀ ਰਿਵਾਜ ਪ੍ਰਚੱਲਤ ਸਨ।"

ਇਸ ਪ੍ਰਤੀ ਅਸੀਂ ਸਾਬੀ ਕੋਲੋਂ ਜਾਨਣਾ ਚਾਹੁੰਦੇ ਹਾਂ ਕਿ ਕੀ ਕਿਸੇ ਭਾਈਚਾਰੇ ਨੂੰ ਕੌਮ ਬਣਨ ਵਾਸਤੇ ਕੁਛ ਖ਼ਾਸ ਸਦੀਆਂ ਪੁਰਾਣਾ ਹੋਣ ਦੀ ਸ਼ਰਤ ਪੂਰੀ ਕਰਨੀ ਪੈਂਦੀ ਹੈ? ਕੀ ਅੱਜ ਤੋਂ ਸਦੀਆਂ ਬਾਅਦ, ਸਿਖ ਭਾਈਚਾਰਾ ਜਦੋਂ ੬ ਸਦੀਆਂ ਪੁਰਾਣਾ ਹੋ ਜਾਏਗਾ, ਓਦੋਂ ਕੌਮ ਬਣ ਜਾਏਗਾ?

ਦੂਸਰੇ, ਸਾਬੀ ਸਿਖਾਂ ਨੂੰ ਬਦੋਬਦੀ ਨਿਰੋਲ ਧਾਰਮਕ ਫ਼ਿਰਕਾ ਬਣਾਈ ਜਾਂਦਾ ਹੈ। ਅਸਾਂ ਉਪਰ ਸਿਖ ਭਾਈਚਾਰੇ ਦੇ ਜੰਮਣ ਤੋਂ ਲੈ ਕੇ ਅਜ ਤਕ ਉਸਦਾ ਸੰਖੇਪ ਇਤਿਹਾਸ ਦਿਤਾ ਹੈ, ਜੋ ਬਿਨਾ ਸ਼ਕ ਇਹ ਸਿਧ ਕਰਦਾ ਹੈ ਕਿ ਸਿਖ ਭਾਈਚਾਰੇ ਦਾ ਜਨਮ ਹੀ ਸਭਿਆਚਾਰਕ, ਆਰਥਕ ਤੇ ਸਮਾਜਕ ਬੁਰਿਆਈਆਂ, ਜ਼ੁਲਮਾਂ ਤੇ ਵਧੀਕੀਆਂ ਦੇ ਵਿਰੁਧ ਸੰਘਰਸ਼ ਵਿਚੋਂ ਹੋਇਆ ਅਤੇ ਤਕਰੀਬਨ ਸਾਰਾ ਸੰਘਰਸ਼ ਸਿਧਾ ਰਾਜ-ਸੱਤਾ, ਭਾਵ ਤਖ਼ਤ ਦੇ ਵਿਰੁਧ ਅਤੇ ਸਿਆਸਤ ਦੇ ਖੇਤਰ ਵਿਚ ਹੋਇਆ। ਪਰ ਸਾਬੀ ਇਤਿਹਾਸ ਨੂੰ ਅਨਗੌਲਿਆ ਅਤੇ ਅਨਡਿਠਿਆਂ ਕਰ ਕੇ ਸਿੱਖ ਭਾਈਚਾਰੇ ਨੂੰ ਮਲੋਮਲੀ ਨਿਰੋਲ ਧਰਮਕ ਫ਼ਿਰਕਾ ਬਣਾਈ ਜਾਂਦਾ ਹੈ। ਜੇ ਨਿਰੋਲ ਧਾਰਮਕ ਫ਼ਿਰਕਿਆਂ ਦੀ ਮਿਸਾਲ ਲੈਣੀ ਹੋਵੇ ਤਾਂ ਨਿਰਮਲਿਆਂ ਅਤੇ ਉਦਾਸੀ ਪੰਥਾਂ ਜਾਂ ਫ਼ਿਰਕਿਆਂ ਦੀਆਂ ਮਿਸਾਲਾਂ ਲੋ। ਇਹ ਦੋਵੇਂ ਪੰਥ ਨਿਰੋਲ ਧਾਰਮਕ ਫ਼ਿਰਕੇ ਹਨ। ਸਿੱਖ ਭਾਈਚਾਰਾ ਐਸਾ ਹਰਗਿਜ਼ ਨਹੀਂ।

ਜਿਹੜਾ ਸਾਬੀ ਨੇ ਲਿਖਿਆ ਹੈ ਕਿ ਸੌ ਸਾਲ ਤੋਂ ਘੱਟ ਸਮੇਂ ਤੇ ਵੀ ਸਿੱਖ ਘਰਾਣਿਆਂ ਵਿਚ ਹਿੰਦੂ ਰੀਤਾਂ ਰਿਵਾਜ ਹੈ ਸਨ, ਸਾਨੂੰ ਅੱਜ ਦੀ ਗੱਲ ਕਰਨੀ ਚਾਹੀਦੀ ਹੈ। ਜੇ ਅੱਜ ਤੋਂ ਸੌ ਸਾਲ ਪਹਿਲਾਂ ਬਹੁਤ ਸਾਰੇ ਸਿੱਖ ਘਰਾਣਿਆਂ ਵਿਚ ਹਿੰਦੂ ਰੀਤਾਂ ਰਿਵਾਜ ਪ੍ਰਚਲਤ ਸਨ ਤਾਂ ਫਿਰ 400 ਸਾਲ ਪਹਿਲਾਂ ਗੁਰੂ ਨਾਨਕ ਤੋਂ ਪਹਿਲਾਂ ਸਾਰੀਆਂ ਰੀਤਾਂ ਰਿਵਾਜ ਹੈ ਹੀ ਹਿੰਦੂ ਸਨ। ਸਿੱਖ ਰੀਤਾਂ ਰਿਵਾਜ ਤੇ ਹੈ ਹੀ ਨਹੀਂ ਸਨ। ਫੇਰ ਝਗੜਾ ਹੀ ਕਾਹਦਾ ਹੈ? ਪਰ ਗੱਲ ਅਜ ਦੀ ਕਰਨੀ ਚਾਹੀਦੀ ਹੈ ਕਿ ਅੱਜ ਕੀ ਹੈ ਤੇ ਉਸ ਦੇ ਮੁਤਾਬਕ ਅੱਜ ਕੀ ਠੀਕ ਹੈ ਤੇ ਕੀ ਗ਼ਲਤ? ਤੇ ਅੱਜ ਕਰਨਾ ਕੀ ਚਾਹੀਦਾ ਹੈ? ਅਜ ਦੇ ਸੰਧਰਭ ਵਿਚ ਰਖ ਕੇ ਗ਼ਲਤ ਤੇ ਠੀਕ ਦਾ ਫ਼ੈਸਲਾ ਕਰਨਾ ਜਾਇਜ਼ ਹੈ, 100 ਸਾਲ ਪਹਿਲਾਂ ਦੇ ਸੰਧਰਭ ਵਿਚ ਨਹੀਂ।

ਤੇ ਇਸ ਤੋਂ ਉਪਰੰਤ ਅੱਜ ਤੋਂ ਸੌ ਸਾਲ ਪਹਿਲਾਂ ਵਾਲੇ ਸਿੱਖ ਘਰਾਣਿਆਂ ਵਿਚਲੀਆਂ ਹਿੰਦੂ ਰੀਤਾਂ ਰਿਵਾਜ ਪੁਰਾਣੇ ਸਭਿਆਚਾਰ ਦੀ ਰਹਿੰਦ ਖੂੰਦ ਸੀ ਅਤੇ ਅੰਗਰੇਜ਼ ਆਪਣੇ ਹਿਤਾਂ ਵਾਸਤੇ ਉਸ ਪੁਰਾਣੇ ਭਰਮਾਂ ਭੁਲੇਖਿਆਂ ਵਾਲੇ ਗ਼ੈਰ-ਵਿਗਿਆਨਕ ਸਭਿਆਚਾਰ ਨੂੰ ਲੋਕਾਂ ਵਿਚ ਕਾਇਮ ਰਖਣਾ ਚਾਹੁੰਦਾ ਸੀ।

ਸੋ ਸਿੱਖ ਇਕ ਵਖਰੀ ਕੌਮ ਹਨ। ਪਾਲ ਸਿੰਘ


www.AKJ.Org

# ਸਿੰਘ ਕਦੇ ਖਤਮ ਨਹੀਂ ਹੋ ਸਕਦੇ

## *ਸ਼ਹੀਦ ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ*

ਜਿਨ੍ਹਾਂ ਨੇ ਇਹ ਐਲਾਨ ਕੀਤਾ ਕਿ ਸਿੱਖ ਖ਼ਤਮ ਕੀਤੇ ਜਾ ਚੁਕੇ ਹਨ, ਗਲਤ ਸਾਬਤ ਕਰਨ ਲਈ ਆਪਣੀ ਸ਼ਹੀਦੀ ਦੇ ਦਿੱਤੀ ਤੇ ਸਾਬਤ ਕਰ ਦਿਤਾ :

ਸਿੰਘਾਂ ਕਦੀ ਝੁਕਣਾ ਨਹੀਂ। ਸਿੰਘਾਂ ਕਦੀ ਮੁਕਣਾ ਨਹੀਂ।

ਸਿੰਘਾਂ ਨੂੰ ਝੁਕਾਉਣ ਵਾਲਾ, ਸਿੰਘਾਂ ਨੂੰ ਮੁਕਾਉਣ ਵਾਲਾ, ਖ਼ਿਆਲ ਇਕ ਜਨੂੰਨ ਹੈ।

ਕੋਈ ਜ਼ੁਲਮ, ਕੋਈ ਸਿਤਮ, ਸਾਨੂੰ ਝੁਕਾ ਸਕਦਾ ਨਹੀਂ, ਸਾਨੂੰ ਮਿਟਾ ਸਕਦਾ ਨਹੀਂ, ਕਿਉਂਕਿ ਸਾਡੀਆਂ ਰਗਾਂ ਵਿਚ ਕਲਗੀਧਰ ਦਾ ਖ਼ੂਨ ਹੈ। ਸੰਨ 1739 ਈ: ਦਾ ਸਿੱਖ ਇਤਿਹਾਸ ਦਾ ਵਿਸ਼ੇਸ਼ ਅਸਥਾਨ ਹੈ, ਕਿਉਂਕਿ ਵਕਤ ਦੀ ਹਕੂਮਤ ਵਲੋਂ ਉਸ ਸਮੇਂ ਬਹੁਤ ਸਖਤੀ ਕੀਤੀ ਗਈ ਸੀ। ਮੁਗਲ ਹਕੂਮਤ ਨੇ ਸਿੱਖ ਕੌਮ ਦਾ ਬੀਜ ਨਾਸ ਕਰਨ ਦਾ ਫੈਸਲਾ ਕਰ ਲਿਆ ਸੀ। ਹਰ ਕਿਸੇ ਨੂੰ ਸਿੱਖ ਨੂੰ ਮਾਰ ਮੁਕਾਉਣ ਦੀ ਖੁਲ੍ਹ ਸੀ। ਕਿਸੇ ਸਿੱਖ ਦਾ ਜਿਰ ਘਰ ਲੁਟ ਲੈਣਾ ਜੁਰਮ ਨਹੀਂ ਸੀ। ਤੁਅੱਸਬੀ ਮੁਸਲਮਾਨ ਅਤੇ ਖ਼ੁਸ਼ਾਮਦੀ ਹਿੰਦੂ ਇਸ ਕੰਮ ਵਿਚ ਹਕੂਮਤ ਦਾ ਪੂਰਾ-ਪੂਰਾ ਸਾਥ ਦੇ ਰਹੇ ਸਨ। ਇਥੇ ਹੀ ਬਸ ਨਹੀਂ, ਕਿਸੇ ਸਿੱਖ ਨੂੰ ਫੜਾਣ ਵਿਚ ਮਦਦ ਕਰਨ ਵਾਲੇ ਨੂੰ ਦਸ ਰੁਪੈ ਇਨਾਮ ਮਿਲਦਾ ਸੀ। ਜੀਉਂਦਾ ਸਿੱਖ ਫੜਕੇ ਲਿਆਉਣ ਵਾਲੇ ਨੂੰ 80 ਰੁਪੈ ਤੇ ਸਿੱਖ ਦਾ ਸਿਰ ਵੱਢ ਲਿਆਉਣ ਵਾਲੇ ਨੂੰ 50 ਰੁਪੈ ਇਨਾਮ ਵਜੋਂ ਦਿਤੇ ਜਾਂਦੇ ਸਨ। ਹਕੂਮਤ ਵਲੋਂ ਚਲ ਰਹੀ ਇਸ ਜ਼ੁਲਮ ਦੀ ਹਨੇਰੀ ਤੋਂ ਬਚਣ ਲਈ ਸਿੱਖ ਆਪਣੇ ਘਰ ਘਾਟ ਛੱਡ ਕੇ ਜੰਗਲਾਂ, ਪਹਾੜਾਂ ਤੇ ਰਾਜਿਸਥਾਨ ਦੇ ਤਪਦੇ ਰੇਤਲੇ ਮਾਰੂਥਲਾਂ ਵਿਚ ਜਾ ਵੜੇ ਸਨ। ਪੰਜਾਬ ਦੇ ਗਵਰਨਰ ਖਾਨ ਬਹਾਦਰ ਜ਼ਕਰੀਆ ਖਾਨ ਨੇ ਐਲਾਨ ਕੀਤਾ ਤੇ ਪਿੰਡਾਂ ਵਿਚ ਮੁਨਾਦੀ ਕਰਵਾਈ ਕਿ ਸਾਰੇ ਸਿੱਖ ਖ਼ਤਮ ਕਰ ਦਿਤੇ ਗਏ ਹਨ। ਇਸ ਪ੍ਰਾਪੇਗੰਡੇ ਨੂੰ ਖ਼ਤਮ ਕਰਨ ਲਈ ਇੰਨੇ ਖਤਰੇ ਦੇ ਹੁੰਦੇ ਹੋਇਆਂ ਵੀ ਇਕੜ-ਦੁਕੜ ਸਿੱਖ ਛੁਪ ਛੁਪਾ ਕੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਨੋਂ ਨਾ ਟਲੇ। ਦਰਸ਼ਨ ਇਸ਼ਨਾਨ ਕਰਦਿਆਂ ਕਈ ਸਿੰਘ ਆਪਣੇ ਸਰੀਰ ਦੀ ਅਹੂਤੀ ਦੇ ਚੁਕੇ ਸਨ, ਪਰ ਫਿਰ ਵੀ ਆਪਣੇ ਗੁਰੂ-ਅਸਥਾਨਾਂ ਪ੍ਰਤੀ ਸ਼ਰਧਾ ਅਤੇ ਹੱਕ ਦੇ ਪ੍ਰਗਟਾਵੇ ਦਾ ਇਤਨਾ ਵਧੀਕ ਤੇ ਭਿਆਨਕ ਮੁਲ ਚੁਕਾਉਣੋਂ ਕਤਰਾਂਦੇ ਨਹੀਂ ਸਨ।

ਇਸ ਮੰਤਵ ਦੀ ਪੂਰਤੀ ਲਈ ਦੋ ਗੁਰੂ ਕੇ ਲਾਲ ਭਾਈ ਬੋਤਾ ਸਿੰਘ ਅਤੇ ਭਾਈ ਗਰਜਾ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਵਲ ਪਵਿੱਤਰ ਹਰਿਮੰਦਰ ਸਾਹਿਬ ਦੇ ਦਰਸ਼ਨ ਅਤੇ ਸਰੋਵਰ ਵਿਚ ਇਸ਼ਨਾਨ ਕਰਨ ਲਈ ਜਾ ਰਹੇ ਸਨ। ਇਹ ਸਿੰਘ ਰਾਤੀ ਸਫਰ ਕਰਦੇ ਤੇ ਦਿਨੇ ਬ੍ਰਿਛਾਂ ਝਾੜੀਆਂ ਦੀ ਓਟ ਵਿਚ ਸਮਾਂ ਕਟਦੇ, ਆਪਣੇ ਨਿਸ਼ਾਨੇ ਵੱਲ ਵੱਧਦੇ ਜਾ ਰਹੇ ਸਨ। ਇਨ੍ਹਾਂ ਦੋਹਾਂ ਸੰਤ ਸਿਪਾਹੀ ਸਿੰਘਾਂ ਨੂੰ ਲਾਹੌਰੋਂ ਦਿੱਲੀ ਜਾਣ ਵਾਲੀ ਜਰਨੈਲੀ ਸੜਕ ਤੇ ਨੂਰਦੀਨ ਦੀ ਸਰਾਂ ਦੇ ਨੇੜੇ ਦੋ ਮੁਸਲਮਾਨਾਂ ਨੇ ਝਾੜਾਂ ਉਹਲੇ ਵੇਖ ਲਿਆ ਤੇ ਆਪੋ ਵਿਚ ਇਉਂ ਗੱਲਾਂ ਕਰਨ ਲਗੇ—

ਪਹਿਲਾ—ਮੈਨੂੰ ਤਾਂ ਝਾੜਾਂ ਉਹਲੇ ਛਿਪੇ ਸਿੱਖ ਜਾਪਦੇ ਹਨ।

ਦੂਜਾ—ਨਹੀਂ ਓਇ, ਸਿੱਖ ਤਾਂ ਬੜੇ ਬਹਾਦਰ ਹੁੰਦੇ ਹਨ, ਉਹ ਤਾਂ ਲੁਕਦੇ ਛੁਪਦੇ ਨਹੀਂ, ਸਦਾ ਸਾਹਮਣੇ ਡਟ ਕੇ ਮਰਦੇ ਮਾਰਦੇ ਹਨ।

ਪਹਿਲਾ—ਜੇ ਤੂੰ ਕਹੇਂ ਤਾਂ ਚਲ ਕੇ ਵੇਖੀਏ।

ਦੂਜਾ—ਓਇ ਅਸੀਂ ਕੀ ਕਢਣਾ ਪਾਣਾ ਏ ਇਸ ਵਿਚੋਂ। ਜੇ ਸਚੀਂ ਮੁਚੀਂ ਸਿੱਖ ਨਿਕਲ ਆਏ ਤਾਂ ਸਾਡੀ ਖ਼ੈਰ ਨਹੀਂ।

ਪਹਿਲਾ—ਤੂੰ ਤਾਂ ਐਵੇਂ ਡਰੀ ਜਾਂਦਾ ਏਂ। ਜ਼ਕਰੀਆ ਖਾਨ ਨੇ ਤਾਂ ਐਲਾਨ ਕਰ ਦਿੱਤਾ ਹੈ ਕਿ



www.AKJ.Org

ਉਹਨੇ ਸਾਰੇ ਸਿੱਖ ਖ਼ਤਮ ਕਰ ਦਿਤੇ ਹਨ। ਉਹ ਦੋਵੇਂ ਮੁਸਲਮ ਨ ਇਉਂ ਗੱਲਾਂ ਕਰਦੇ ਅੱਗੇ ਚਲੇ ਗਏ।

ਉਹਨਾਂ ਦੀਆਂ ਗੱਲਾਂ ਲੁਕੇ ਹੋਏ ਬੋਤਾ ਸਿੰਘ ਤੇ ਗਰਜਾ ਸਿੰਘ ਦੇ ਸੀਨੇ ਚੀਰ ਗਈਆਂ। ਜ਼ਕਰੀਆ ਖਾਨ ਦੇ, ਸਿੱਖਾਂ ਨੂੰ ਖ਼ਤਮ ਕਰ ਦਿਤੇ ਜਾਣ ਵਾਲੇ ਐਲਾਨ ਵਾਲੀ ਗੱਲ ਨੇ ਤਾਂ ਦੋਹਾਂ ਸਿੰਘਾਂ ਨੂੰ ਸੱਤੀਂ ਕਪੜੀਂ ਅੱਗ ਲਾ ਦਿੱਤੀ।ਦੋਹਾਂ ਸਿੰਘਾਂ ਨੇ ਕੁਝ ਸੋਚ ਵਿਚਾਰ ਮਗਰੋਂ ਜ਼ਕਰੀਆ ਖਾਨ ਦੇ ਇਸ ਪ੍ਰਾਪੇਗੰਡੇ ਨੂੰ ਝੂਠਾ ਸਿੱਧ ਕਰਨ ਦਾ ਫੈਸਲਾ ਕਰ ਲਿਆ। ਝਾੜਾਂ ਵਿਚੋਂ ਨਿਕਲ ਕੇ ਦੋਵੇਂ ਸਿੰਘ ਸੜਕ ਤੇ ਆ ਗਏ। ਦੋਹਾਂ ਦੇ ਹੱਥਾਂ ਵਿਚ ਲੱਕੜ ਦੇ ਮਜ਼ਬੂਤ ਸੋਟੇ ਸਨ। ਸੜਕ-ਕਿਨਾਰੇ ਨੂਰ ਦੀਨ ਦੀ ਸਰਾਂ ਨੂੰ ਉਹਨਾਂ ਆਪਣਾ ਟਿਕਾਣਾ ਬਣਾ ਲਿਆ ਤੇ ਲੱਗੇ ਆਉਣ ਜਾਣ ਵਾਲਿਆਂ ਪਾਸੋਂ ਟੈਕਸ ਉਗਰਾਹੁਣ। ਜੇ ਗੱਡੇ ਵਾਲਾ ਕੋਈ ਆਉਂਦਾ ਤਾਂ ਰੋਕ ਕੇ ਉਸ ਨੂੰ ਆਖਦੇ, ਭਾਈ ਇਥੇ ਸਿੱਖਾਂ ਦਾ ਰਾਜ ਹੈ। ਗੱਡਾ ਤਾਂ ਅੱਗੇ ਜਾਊ ਜੇ ਇਕ ਆਨਾ ਟੈਕਸ ਦੇਵੇਂਗਾ। ਜੇ ਖੋਤੇ ਤੇ ਭਾਰ ਲੱਦੀ ਕੋਈ ਲੰਘਦਾ ਤਾਂ ਉਸ ਤੋਂ ਇਕ ਪੈਸਾ ਟੈਕਸ ਲੈ ਕੇ ਅਗੇ ਜਾਣ ਦਿੰਦੇ। ਨਾਲੇ ਆਉਣ ਜਾਣ ਵਾਲਿਆਂ ਨੂੰ ਇਹ ਵੀ ਕਹਿ ਦਿੰਦੇ ਕਿ ਜਿਥੇ ਜਾਉਗੇ, ਉਥੇ ਲੋਕਾਂ ਨੂੰ ਦਸ ਦੇਣਾ ਕਿ ਨੂਰਦੀਨ ਸਰਾਂ ਦੇ ਆਲੇ ਦੁਆਲੇ ਸਿੱਖਾਂ ਦਾ ਰਾਜ ਹੋ ਗਿਆ ਹੈ। ਇਉਂ ਕਿੰਨਾ ਚਿਰ ਇਹ ਦੋਵੇਂ ਸਿੰਘ ਟੈਕਸ ਇਕੱਠਾ ਕਰਦੇ ਰਹੇ, ਪਰ ਹਕੂਮਤ ਵਲੋਂ ਕੋਈ ਕਾਰਵਾਈ ਨਾ ਹੋਈ। ਲੋਕੀਂ ਟੈਕਸ ਦੇ ਜਾਂਦੇ ਤੇ ਹੈਰਾਨ ਹੁੰਦੇ ਕਿ ਜ਼ਕਰੀਆ ਖਾਂ ਦਾ ਐਲਾਨ ਤਾਂ ਬਿਲਕੁਲ ਝੂਠਾ ਨਿਕਲਿਆ ਹੈ। ਉਹ ਤਾਂ ਕਹਿੰਦਾ ਸੀ ਕਿ ਸਿੱਖ ਖ਼ਤਮ ਕੀਤੇ ਜਾ ਚੁਕੇ ਹਨ, ਪਰ ਇਥੇ ਤਾਂ ਸਿੱਖਾਂ ਦੀ ਹਕੂਮਤ ਕਾਇਮ ਹੋਈ ਪਈ ਹੈ।

ਹਕੂਮਤ ਨੂੰ ਝੂਠਾ ਕਰਨ ਲਈ ਹੀ ਤਾਂ ਸਿੱਖਾਂ ਨੇ ਇਹ ਨਾਟਕ ਰਚਿਆ ਸੀ। ਉਹ ਤਾਂ ਚਾਹੁੰਦੇ ਸਨ ਕਿ ਹਕੂਮਤ ਦੇ ਕੰਨੀਂ ਇਹ ਗੱਲ ਪਵੇ ਤਾਂ ਹਕੂਮਤ ਨਾਲ ਦੋ ਹੱਥ ਕੀਤੇ ਜਾਣ। ਪਰ ਹਕੂਮਤ ਵਲੋਂ ਕੋਈ ਜਵਾਬੀ ਕਾਰਵਾਈ ਨਹੀਂ ਸੀ ਹੋਈ। ਆਪਣੇ ਇਸ ਮੰਤਵ ਵਿਚ ਛੇਤੀ ਛੇਤੀ ਪੂਰਤੀ ਨਾ ਹੁੰਦੀ ਵੇਖ ਕੇ ਸਿੰਘ ਕਾਹਲੇ ਪੈ ਗਏ। ਭਾਈ ਬੋਤਾ ਸਿੰਘ ਨੇ ਖਾਨ ਬਹਾਦਰ ਜ਼ਕਰੀਆ ਖਾਨ ਨੂੰ ਇਕ ਚਿੱਠੀ ਲਾਹੌਰ ਨੂੰ ਜਾਂਦੇ ਇਕ ਰਾਹੀ ਦੇ ਹੱਥ ਭੇਜ ਦਿੱਤੀ। ਖਾਨ ਬਹਾਦਰ ਦੀ ਥਾਵੇਂ ਪੰਜਾਬ ਦੇ ਗਵਰਨਰ ਨੂੰ ਸਿੰਘਾਂ ਨੇ ਮਖੌਲ ਵਜੋਂ ਭਾਬੀ ਖਾਨੋ ਕਰਕੇ ਲਿਖਿਆ ਸੀ–

ਚਿੱਠੀ ਲਿਖਤੁਮ ਸਿੰਘ ਬੋਤਾ।
ਹੱਥ ਵਿੱਚ ਹੈ ਸੋਟਾ, ਵਿਚ ਰਾਹ ਖਲੋਤਾ।
ਆਨਾ ਲਾਇਆ ਗੱਡੇ ਨੂੰ, ਪੈਸਾ ਲਾਇਆ ਖੋਤਾ।
ਜਾ ਆਖੀਂ ਭਾਬੋ ਖਾਨੋ ਨੂੰ, ਇਉਂ ਆਖੇ ਸਿੰਘ ਬੋਤਾ।

ਚਿੱਠੀ ਆਪਣੇ ਟਿਕਾਣੇ ਅੱਪੜ ਗਈ। ਚਿੱਠੀ ਪੜ੍ਹ ਕੇ ਗਵਰਨਰ ਜ਼ਕਰੀਆ ਖਾਨ ਸੜ ਬੱਲ ਕੇ ਕੋਲੇ ਹੋ ਗਿਆ। ਚਿੱਠੀ ਲਿਆਉਣ ਵਾਲੇ ਨੂੰ ਪੁੱਛਿਆ–ਓਇ ਕਿੰਨੇ ਕੁ ਸਿੰਘਾਂ ਦਾ ਕਬਜ਼ਾ ਹੈ ਨੂਰ ਦੀਨ ਦੀ ਸਰਾਂ ਤੇ, ਅਤੇ ਕਿੰਨੇ ਕੁ ਹਥਿਆਰ ਨੇ ਉਹਨਾ ਪਾਸ ?

ਅਗੋਂ ਉਤਰ ਮਿਲਿਆ–ਜੀ, ਉਥੇ ਤਾਂ ਕੇਵਲ ਦੋ ਹੀ ਸਿੰਘ ਵੇਖੇ ਨੇ। ਉਨ੍ਹਾਂ ਪਾਸ ਕੋਈ ਬੰਦੂਕਾਂ ਤਲਵਾਰਾਂ ਨਹੀਂ, ਸਗੋਂ ਦੋਹਾਂ ਦੇ ਹਥੀਂ ਮੋਟੇ ਮੋਟੇ ਸੋਟੇ ਸਨ।

ਸਿੱਖਾਂ ਨੂੰ ਖ਼ਤਮ ਕਰ ਦਿਤਾ ਜਾਣ ਦੇ ਐਲਾਨ ਕਰਨ ਵਾਲੇ ਤੇ ਆਪਣੇ ਆਪ ਨੂੰ ਖਾਨ ਬਹਾਦਰ ਕਹਿਲਾਉਣ ਵਾਲੇ ਜ਼ਕਰੀਆ ਖਾਨ ਨੇ ਦੀਦਾ ਜਰਨੈਲ ਨੂੰ ਹੁਕਮ ਕੀਤਾ ਕਿ ਦੋ ਸੌ ਸ਼ਸਤਰਧਾਰੀ ਘੋੜੇ-ਸਵਾਰ ਫੌਜੀ ਨਾਲ ਲੈ ਕੇ ਜਾਓ ਤੇ ਸਿੱਖ ਰਾਜ ਦਾ ਐਲਾਨ ਕਰਨ ਵਾਲੇ ਦੋ ਸਿੰਘਾਂ ਨੂੰ ਫ਼ੌਰਨ ਜ਼ਿੰਦਾ ਫੜ ਕੇ ਲਿਆਓ।

ਵਿਚਾਰਾ ਜ਼ਕਰੀਆ ਖਾਨ ਹੋਰ ਕਰਦਾ ਵੀ ਕੀ ! ਉਸ ਨੂੰ ਪਤਾ ਸੀ ਕਿ 'ਸਵਾ ਲਾਖ ਸੇ ਏਕ ਲੜਾਊਂ' ਕਹਿਣ ਵਾਲੇ ਗੁਰੂ ਕੇ ਸਿੰਘਾਂ ਨੇ ਇਹਨਾਂ ਦੇ ਦਸਾਂ ਵੀਹਾਂ ਸਿਪਾਹੀਆਂ ਪਾਸੋਂ ਕਾਬੂ ਨਹੀਂ ਆਉਣਾ।

ਦੋ ਸੌ ਘੋੜ-ਚੜ੍ਹੇ ਹਥਿਆਰ-ਬੰਦ ਫੌਜੀਆਂ ਦੀ ਇਹ ਧਾੜ ਜਲਾਲ ਦੀਨ ਦੀ ਅਗਵਾਈ ਹੇਠ ਮਾਰੋ ਮਾਰ


www.AKJ.Org

ਕਰਦੀ ਨੂਰਦੀਨ ਦੀ ਸਰਾਂ ਕੋਲ ਆ ਪੁਜੀ। ਦੂਰੋਂ ਧੂੜ ਉਡਦੀ ਵੇਖ ਕੇ ਸਿੰਘ ਸਮਝ ਗਏ ਕਿ ਹਕੂਮਤ ਨੂੰ ਸਿੱਖ ਰਾਜ ਕਾਇਮ ਹੋਣ ਦੀ ਖ਼ਬਰ ਮਿਲ ਗਈ ਹੈ।

ਹਾਲਾਂ ਫੌਜੀਆਂ ਦੀ ਧਾੜ ਸਿੰਘਾਂ ਨੂੰ ਘੇਰੇ ਵਿਚ ਲੈਣ ਦੀ ਤਿਆਰੀ ਹੀ ਕਰ ਰਹੀ ਸੀ ਕਿ ਬੋਤਾ ਸਿੰਘ ਗਰਜਾ ਸਿੰਘ ਨੇ ਉੱਚੀ ਆਵਾਜ਼ ਵਿਚ ਜੈਕਾਰਾ ਛਡਿਆ, ਦੁਸ਼ਮਣ ਨੂੰ ਵੰਗਾਰਿਆ, ਓਇ ਆਪਣੇ ਆਪ ਨੂੰ ਬਹਾਦਰ ਅਖਵਾਉਣ ਵਾਲਿਓ, ਜ਼ਰਾ ਕੱਲੇ ਨਾਲ ਕੱਲਾ ਭਿੜ ਕੇ ਵੇਖੋ ਤਾਂ ਤੁਹਾਨੂੰ ਮੰਨੀਏ। ਜਲਾਲ ਦੀਨ ਨੇ ਦੋ ਬਹਾਦਰ ਸਿਪਾਹੀ ਅੱਗੇ ਕੀਤੇ। ਸਿੰਘਾਂ ਅੱਖ ਦੇ ਪਲਕਾਰੇ ਵਿਚ ਦੋਹਾਂ ਨੂੰ ਚਿੱਤ ਕਰ ਦਿੱਤਾ। ਫੇਰ ਦੋ ਹੋਰ, ਦੋ ਹੋਰ, ਕਰਕੇ ਅਠ ਅਗਲੇ ਸਿਪਾਹੀ ਤੋਰ ਦਿੱਤੇ।

ਹੁਣ ਸਿੰਘਾਂ ਪੈਂਤੜਾ ਬਦਲਿਆ ਤੇ ਗੱਜ ਕੇ ਆਖਿਆ, ਹੁਣ ਇਕ ਇਕ ਦੇ ਮੁਕਾਬਲੇ ਤੇ ਦੋ ਦੋ ਆ ਜਾਣ। ਬਹਾਦਰ ਜ਼ਕਰੀਆ ਖਾਨ ਦੇ ਬਹਾਦਰ ਫੌਜੀ ਦੋ ਦੋ ਕਰਕੇ ਕੱਲੇ ਕੱਲੇ ਸਿੰਘ ਵਲ ਵਧ ਰਹੇ ਸਨ ਤੇ ਸਿੰਘਾਂ ਸੋਟਿਆਂ ਨਾਲ ਅੱਠ ਹੋਰ ਜੁਆਨ ਸੁਸਰੀ ਵਾਂਗੂ ਸੁਆ ਦਿਤੇ। ਆਪਣੇ ਫੌਜੀਆਂ ਦੀਆਂ ਲਾਸ਼ਾਂ ਧਰਤੀ ਤੇ ਵੇਖ ਕੇ ਜਲਾਲ ਦੀਨ ਜਰਨੈਲ ਦਾ ਸਬਰ ਟੁਟ ਗਿਆ ਅਤੇ ਸਾਰੇ ਫ਼ੌਜੀਆਂ ਨੂੰ ਇਕੋ ਵਾਰੀ ਹੱਲਾ ਬੋਲਣ ਦਾ ਹੁਕਮ ਦਿਤਾ।

ਬਸ ਫਿਰ ਕੀ ਸੀ! ਸਿੰਘਾਂ ਜੈਕਾਰੇ ਛਡੇ ਤੇ ਅੱਗੇ ਵਧ ਕੇ ਪਿਠ ਨਾਲ ਪਿਠ ਜੋੜ ਦੁਸ਼ਮਣਾਂ ਦੇ ਗਲ ਜਾ ਪਏ। 10 ਕੁ ਹੋਰ ਦੁਸ਼ਮਣ ਫੌਜੀਆਂ ਨੂੰ ਪਾਰ ਬੁਲਾ ਕੇ ਗੁਰੂ ਕੇ ਲਾਲ ਸ਼ਹੀਦੀਆਂ ਪਾ ਗਏ ਤੇ ਦੱਸ ਗਏ ਸਾਰੇ ਸੰਸਾਰ ਨੂੰ ਕਿ ਸਿੰਘ ਕਦੇ ਖ਼ਤਮ ਨਹੀਂ ਕੀਤੇ ਜਾ ਸਕਦੇ। ਸਿੱਖਾਂ ਨੂੰ ਖ਼ਤਮ ਕਰਨ ਵਾਲੇ ਆਪ ਖ਼ਤਮ ਹੋ ਜਾਂਦੇ ਹਨ।

ਅੱਜ ਵੀ ਭਾਈ ਬੋਤਾ ਸਿੰਘ ਗਰਜਾ ਸਿੰਘ ਦੀ ਸ਼ਹੀਦੀ ਪੁਕਾਰ ਕੇ ਸਿੰਘਾਂ ਨੂੰ ਕਹਿ ਰਹੀ ਹੈ, ਸਿੰਘੋ! ਸਿੱਖੀ ਦੀ ਆਨ ਅਤੇ ਸ਼ਾਨ ਨੂੰ ਸਦਾ ਕਾਇਮ ਰਖਿਓ, ਵੇਖਿਓ ਟੁਟ ਭਾਵੇਂ ਜ ਉ, ਜ਼ਾਲਮ ਦੇ ਜ਼ੁਲਮ ਅਗੇ ਝੁਕਿਓ ਨਾ, ਤੇ ਸਦਾ ਇਹ ਨਾਹਰਾ ਬੁਲੰਦ ਕਰਦੇ ਰਹਿਓ—ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨਿ।

"ਅਕਾਲੀ ਪੱਤ੍ਰਕਾ" 28-10-82

---

(ਸਫ਼ਾ ੩੪ ਦੀ ਬਕੀ)

ਸੀ, ਜੋ ਪ੍ਰਮਾਤਮਾ ਦਾ ਨਾਮ ਆਪ ਜਪੇ ਤੇ ਹੋਰਨਾਂ ਨੂੰ ਜਪਾਵੇ, ਜੋ ਸਤ ਸੰਤੋਖ, ਦਇਆ ਧਰਮ ਅਤੇ ਪਰਉਪਕਾਰ ਆਦਿ ਸ਼ੁਭ ਗੁਣਾਂ ਦਾ ਧਾਰਨੀ ਹੋਵੇ ਅਤੇ ਜੋ ਚੋਰੀ, ਯਾਰੀ, ਈਰਖਾ ਅਤੇ ਨਫ਼ਰਤ ਆਦਿ ਅਉਗੁਣਾਂ ਤੋਂ ਬਚ ਕੇ ਰਹਿੰਦਾ ਹੋਵੇ।

**'ਖਾਲਸਾ ਕਿਵੇਂ ਸਾਜਿਆ ਗਿਆ ?–**

'ਖਾਲਸਾ' 'ਸਿਰ ਲੈ ਕੇ' ਸਾਜਿਆ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦਾ ਮੁੱਲ 'ਸਿਰ' ਮੰਗਿਆ, ਸਿਰ ਦੀ ਭੇਟਾ ਲੈ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ। ਇਸੇ ਤਰ੍ਹਾਂ ਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ ਪੰਜ ਸਿਰਾਂ ਦੀ ਭੇਟਾ ਦੇਣ ਦਾ ਕੌਲ-ਇਕਰਾਰ ਕੀਤਾ ਅਤੇ ਆਪ ਉਨ੍ਹਾਂ ਪਾਸੋਂ ਖੰਡੇ ਦੀ ਪਾਹੁਲ ਪੀਤੀ।

ਅਸਮਾਨ ਉਪਰ ਜਦੋਂ ਤਕ ਰੋਸ਼ਨੀ ਚਮਕੇਗੀ, ਉਦੋਂ ਤਕ ਸੰਸਾਰ ਉਪਰ ਖਾਲਸੇ ਦੀ ਸ਼ਾਨ ਚਮਕੇਗੀ।

---

# ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ

ਭਾਈ ਹਰਭਜਨ ਸਿੰਘ ਜੀ ਸੂਚਨਾ ਦਿੰਦੇ ਹਨ ਕਿ ੧੯੭੮ ਵੈਸਾਖੀ ਦੇ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ ੧੮ ਦਸੰਬਰ ਸ਼ਨੀਵਾਰ ਦੀ ਰਾਤ ਨੂੰ ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅਮ੍ਰਿਤਸਰ ਵਿਖੇ ਹੋ ਰਹੇ ਹਨ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।



www.AKJ.Org

# ਖਾਲਸਾ ਕੀ, ਕਿਉਂ ਤੇ ਕਿਵੇਂ ਸਾਜਿਆ ਗਿਆ ?

[ਸ: ਰਾਜਿੰਦਰ ਸਿੰਘ ਜੀ ਅਮਰੀਕਾ]

**ਖ਼ਾਲਸਾ ਕੀ ਹੈ ?–**

'ਖ਼ਾਲਸਾ' ਦੀ ਪ੍ਰੀਭ ਸ਼ਾ ਜੋ ਗੁਰਬਾਣੀ ਵਿਚ ਮਿਲਦੀ ਹੈ, ਉਸ ਅਨੁਸਾਰ–

ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸਾ ਤਾਹਿ ਨਿਖਾਲਸ ਜਾਨੈ ॥ [ਤੇਤੀ ਸਵਯੇ ਪਾ: ੧੦

'ਖਾਲਸਾ' ਉਹ ਹੈ ਜਿਸਦੇ ਹਿਰਦੇ ਵਿਚ ਪ੍ਰਮਾਤਮਾਂ ਦੀ ਜੋਤਿ ਜਗ ਪਵੇ । ਜੇ ਜੋਤਿ ਨਹੀਂ ਜਗੀ ਤਾਂ ਅਜੇ ਖਾਲਸਾ ਨਹੀਂ ਬਣਿਆ ।

'ਖਾਲਸਾ' ਗੁਰੂ ਗੋਬਿੰਦ ਸਿੰਘ ਦਾ ਹੀ ਰੂਪ ਹੁੰਦਾ ਹੈ । ਕਲਗੀਧਰ-ਮਹਾਰਾਜ ਜਦੋਂ ਸੰਸਾਰ ਤੋਂ ਸੱਚਖੰਡ ਪਿਆਨੇ ਕਰਨ ਲੱਗੇ ਤਾਂ ਖਾਲਸੇ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ ! ਅੱਜ ਤੋਂ ਬਾਅਦ ਆਪ ਦੇ ਦਰਸ਼ਨ ਕਿਵੇਂ ਹੋਣਗੇ ?" ਸੱਚੇ-ਪਾਤਸ਼ਾਹ ਕਹਿਣ ਲੱਗੇ, "ਖਾਲਸਾ ਜੀ ! ਅੱਜ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਹੀ ਮੇਰੇ ਦਰਸ਼ਨ ਹੋਣਗੇ ।" ਖਾਲਸਾ ਜੀ ਨੇ ਫਿਰ ਪੁੱਛਿਆ, "ਮਹਾਰਾਜ ! ਕੋਈ ਹੋਰ ਤਰੀਕਾ ਦੱਸੋ ?" ਗੁਰੂ ਜੀ ਕਹਿਣ ਲੱਗੇ, "ਪੰਜ ਸਿੰਘਾਂ ਦੇ ਦਰਸ਼ਨ ਕਰਿਓ ।" "ਜੇ ਪੰਜ ਸਿੰਘ ਨਾ ਮਿਲਣ ?" "ਤਾਂ ਦੋ ਸਿੰਘਾਂ ਦੇ ਦਰਸ਼ਨ ਕਰਿਓ ।" "ਜੇ ਦੋ ਵੀ ਨਾ ਮਿਲਣ ਤਾਂ ?" "ਤਾਂ ਇੱਕ ਸਿੰਘ ਦੇ ਦਰਸ਼ਨ ਕਰਿਓ ।" "ਜੇ ਇੱਕ ਵੀ ਨਾ ਮਿਲੇ ਮਹਾਰਾਜ ! ਫਿਰ ?" "ਫਿਰ ਸ਼ੀਸ਼ੇ ਵਿਚ ਆਪਣੇ ਹੀ ਦਰਸ਼ਨ ਕਰ ਲਇਓ ।–ਖਾਲਸਾ ਮੇਰੋ ਰੂਪ ਹੈ ਖਾਸ" ।

**'ਖਾਲਸਾ' ਕਿਉਂ ਸਾਜਿਆ ਗਿਆ ?–**

ਇਸ ਸਵਾਲ ਦਾ ਜਵਾਬ ਗੁਰੂ ਮਹਾਰਾਜ ਇਉਂ ਦਿੰਦੇ ਹਨ :–

ਖਾਲਸਾ ਅਕਾਲ ਪੁਰਖ ਕੀ ਫੌਜ ॥ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥ [ਸਰਬ ਲੋਹ ਗ੍ਰੰਥ

'ਖਾਲਸਾ' ਪ੍ਰਮਾਤਮਾ ਦੀ ਫੌਜ ਹੈ, ਜਿਸਨੂੰ ਪ੍ਰਮਾਤਮਾ ਨੇ ਆਪਣੀ ਮੌਜ ਵਿਚ ਆ ਕੇ ਬਣਾਇਆ ।

'ਖਾਲਸਾ' ਪੈਦਾ ਹੋਇਆ ਜ਼ਬਰ ਅਤੇ ਜ਼ੁਲਮ ਦੀ ਅੱਗ ਬੁਝਾਣ ਲਈ, ਅਤੇ ਪ੍ਰੇਮ ਤੇ ਸ਼ਾਂਤੀ ਦਾ ਮੀਂਹ ਵਰਸਾਣ ਲਈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਵੇਖਿਆ ਕਿ ਮੇਰੇ ਪਿਤਾ ਜੀ ਨੂੰ ਵੀ ਸੀਸ ਦੇਣਾ ਪਿਆ, ਔਰੰਗਜ਼ੇਬ ਦੇ ਜ਼ੁਲਮ ਦੇ ਦਰਿਆ ਵਿਚ ਆਏ ਹੜ੍ਹ ਨੂੰ ਠੱਲ੍ਹ ਪਾਣ ਲਈ, ਪਰ ਠੱਲ੍ਹ ਨਾ ਪਈ ਤਾਂ ਉਨ੍ਹਾਂ ਨੇ 'ਸਿਰ ਦੇਣ' ਦੀ ਥਾਂ 'ਸਿਰ ਲੈ ਕੇ' ਜ਼ੁਲਮ ਦੇ ਦਰਿਆ ਨੂੰ ਬੰਨ੍ਹ ਲਾਉਣ ਬਾਰੇ ਸੋਚਿਆ ਅਤੇ ਇਸ ਸੋਚ ਦਾ ਸਿੱਟਾ ਸੀ 'ਖਾਲਸਾ' । ਸੋ ਜ਼ਬਰ, ਜ਼ੁਲਮ ਨੂੰ ਮਿਟਾਣ ਲਈ ਅਤੇ ਜਾਬਰ ਤੇ ਜ਼ਾਲਮ ਨੂੰ ਸੋਧਣ ਲਈ ਖਾਲਸੇ ਦੀ ਸਿਰਜਨਾ ਕੀਤੀ ਗਈ ।

ਪਹਾੜੀ-ਰਾਜੇ ਜੋ ਅਕ੍ਰਿਤਘਣ, ਜ਼ਾਤ-ਅਭਿਮਾਨੀ, ਦੇਸ਼-ਧ੍ਰੋਹੀ ਅਤੇ ਗਦਾਰ ਸਨ, ਉਨ੍ਹਾਂ ਨੂੰ ਸਬਕ ਸਿਖਾਣ ਅਤੇ ਲੋਹੇ ਦੇ ਚੰਨੇ ਚਬਾਣ ਲਈ 'ਖਾਲਸਾ' ਸਾਜਿਆ ਗਿਆ ।

ਮਸੰਦ–ਜੋ ਪੂਜਾ ਦਾ ਧਾਨ ਖਾ ਕੇ ਚੋਰੀ, ਯਾਰੀ ਅਤੇ ਵਿਭਚਾਰੀ ਕਰਦੇ ਸਨ, ਉਨ੍ਹਾਂ ਨੂੰ ਯੋਗ ਦੰਡ ਦੇਣ ਲਈ ਖ਼ਾਲਸਾ ਸਾਜਿਆ ਗਿਆ ।

ਔਰੰਗਜ਼ੇਬ ਮੁਸਲਮਾਨ ਸੀ, ਪਹਾੜੀ ਰਾਜੇ ਹਿੰਦੂ ਸਨ ਅਤੇ ਮਸੰਦ ਸਿੱਖ ਸਨ–ਇਥੋਂ ਇਹ ਸਪਸ਼ਟ ਹੈ ਕਿ 'ਖਾਲਸਾ' ਇਨਸਾਨ ਦਾ ਦੁਸ਼ਮਣ ਨਹੀਂ, ਸਗੋਂ ਬੁਰਾਈ ਦਾ ਵੈਰੀ ਹੈ ।

ਗੁਰੂ ਜੀ ਨੇ 'ਖਾਲਸਾ'–ਇੱਕ ਨਮੂਨੇ ਦਾ ਮਨੁਖ–ਸੁਪਰਮੈਨ ਜਾਂ ਆਈਡੀਅਲ-ਮੈਨ ਪੈਦਾ ਕਰਨਾ

(ਬਾਕੀ ਦੇਖੋ ਸਫ਼ਾ ੩੩ ਦੇ ਹੇਠ)



www.AKJ.Org

# ਅਕ੍ਰਿਤਘਣਤਾ ਦੀ ਹੱਦ

[ਸੰਤ ਹਰਚੰਦ ਸਿੰਘ ਜੀ ਲੌਂਗੋਵਾਲ, ਪ੍ਰਧਾਨ, ਸ਼ਰੋਮਣੀ ਅਕਾਲੀ ਦਲ[

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥**

ਜਿਸ ਦੋ ਜਹਾਨ-ਵਾਲੀ ਨੇ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਸੁਣ ਕੇ ਹਿੰਦੂਆਂ ਦੇ ਗਲੋਂ ਉਤਾਰੇ ਜਾਂਦੇ ਜਨੇਊਆਂ, ਕਟੀਆਂ ਜਾ ਰਹੀਆਂ ਬੋਦੀਆਂ ਅਤੇ ਮਥਿਆਂ ਤੋਂ ਮੇਟੇ ਜਾ ਰਹੇ ਤਿਲਕਾਂ ਦੀ ਰਖਿਆ ਲਈ ਦਿਲੀ ਚਾਂਦਨੀ ਚੌਂਕ ਵਿਚ ਆਪਣੇ ਸੀਸ ਦਾ ਬਲੀਦਾਨ ਦਿੱਤਾ ਸੀ, ਉਸੇ ਪਰਉਪਕਾਰੀ ਪੀਰਾਂ ਦੇ ਪੀਰ ਨੇ ਦਸਵੇਂ ਜਾਮੇ ਵਿਚ ਕਿਰਪਾਨ-ਧਾਰੀ ਖਾਲਸਾ ਸਾਜ ਕੇ ਜ਼ਾਲਮ ਅਤੇ ਤੁਅੱਸਬੀ ਮੁਗਲ ਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਕੇ, ਮੁਗਲ ਰਾਜ ਦੇ ਖ਼ਾਤਮੇ ਦਾ ਪੱਕਾ ਬਾਨ੍ਹਣੂ ਬੰਨ੍ਹ ਦਿੱਤਾ। ਸਤਿਗੁਰਾਂ ਵਲੋਂ ਖ਼ਾਲਸਾ ਜੀ ਨੂੰ ਬਖਸ਼ੀ ਹੋਈ ਜਿਸ ਕਿਰਪਾਨ ਦੇ ਸਿਰ ਸਦਕੇ ਮੁਗਲ ਰਾਜ ਦਾ ਨਾਮੋ ਨਿਸ਼ਾਨ ਭਾਰਤ ਵਿਚੋਂ, ਮਿਟ ਗਿਆ ਅਤੇ ਜਿਸ ਕਿਰਪਾਨ ਨੇ ਹਿੰਦੂਆਂ ਦੀਆਂ ਬਹੂ-ਬੇਟੀਆਂ ਦੀਆਂ ਵਹੀਰਾਂ ਤੁਰਕਾਂ ਦੇ ਦੇਸਾਂ ਨੂੰ ਲਈ ਜਾਂਦੇ ਜਰਵਾਣਿਆਂ ਨੂੰ ਠਲ੍ਹ ਪਾ ਕੇ ਮੁੜ ਆਪਣੇ ਘਰੀਂ ਵਸਾਇਆ ਸੀ, ਅੱਜ ਉਨ੍ਹਾਂ ਹੀ ਕਸ਼ਮੀਰੀ ਪੰਡਤਾਂ ਦੀ ਅਲ-ਔਲਾਦ ਨੇ ਖਾਲਸਾ ਪੰਥ ਦਾ ਸ਼ੁਕਰ-ਗੁਜ਼ਾਰ ਹੋਣ ਦੇ ਬਜਾਏ, ਖ਼ਾਲਸੇ ਉਤੇ ਜ਼ਬਰ ਜ਼ੁਲਮ ਢਾਹੁਣਾ ਸ਼ੁਰੂ ਕਰ ਦਿੱਤਾ ਹੈ ਅਤੇ ਪਰਉਪਕਾਰੀ ਖ਼ਾਲਸੇ ਦੀ ਰਹਿਤ ਮਰਯਾਦਾ ਵਿਚੋਂ ਕਿਰਪਾਨ ਨੂੰ ਕਢਣ ਤੇ ਲੱਕ ਬੰਨ੍ਹ ਲਿਆ ਹੈ, ਸਿੰਘਾਂ ਨੂੰ ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਗਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀਆਂ ਕਿਰਪਾਨਾਂ ਜ਼ਬਰਦਸਤੀ ਉਤਰਵਾਈਆਂ ਜਾ ਰਹੀਆਂ ਹਨ। ਹੈਫ ! ਐਸੀ ਅਕ੍ਰਿਤਘਣਤਾ ਉਤੇ !!

ਇਹ ਕਿਰਪਾਨ ਰੱਬ ਜੀ ਨੇ, ਗੁਰੂ ਨਾਨਕ ਸਾਹਿਬ ਦਾ ਰੂਪ ਧਾਰ ਕੇ, ਦਸਵੇਂ ਜਾਮੇ ਵਿਚ ਖਾਲਸਾ ਜੀ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਪਹਿਨਾਈ ਸੀ। ਇਸ ਕਿਰਪਾਨ ਨੂੰ ਕੋਈ ਤਾਕਤ ਖਾਲਸੇ ਦੇ ਸਰੀਰ ਤੋਂ ਅਲੱਗ ਨਹੀਂ ਕਰ ਸਕਦੀ। ਜੋ ਭੀ ਇਸ ਕਿਰਪਾਨ ਦਾ ਤ੍ਰਿਸਕਾਰ ਕਰਨ ਦਾ ਉਪਰਾਲਾ ਕਰੇਗਾ, ਮੂੰਹ ਦੀ ਖਾਏਗਾ।

ਜਿਥੇ ਸਰਕਾਰ ਨੂੰ ਉਪਰੋਕਤ ਮੰਦੀ ਹਰਕਤ ਤੋਂ ਬਚਣ ਲਈ ਇਹ ਚਿਤਾਵਨੀ ਹੈ, ਉਥੇ ਸਿੰਘਾਂ ਨੂੰ ਵੀ ਪ੍ਰੇਰਨਾ ਹੈ ਕਿ ਖਾਲਸਾ ਰਹਿਤ ਗੁਰੂ ਦੀ ਬਖਸ਼ਸ਼ ਹੈ, ਅਤੇ ਸਤਿਗੁਰਾਂ ਨੂੰ ਸਿਖ ਨਾਲੋਂ ਸਿੱਖੀ-ਰਹਿਤ ਜ਼ਿਆਦਾ ਪਿਆਰੀ ਹੈ। ਸੋ ਸਾਨੂੰ ਚਾਹੀਦਾ ਹੈ ਕਿ ਰਹਿਤ ਨੂੰ ਜਾਨ ਤੋਂ ਪਿਆਰਾ ਜਾਣ ਕੇ ਕੇਸਾਂ ਸੁਆਸਾਂ ਨਾਲ ਨਿਭਾਈਏ। ਜੇ ਸਰਕਾਰ ਕਿਰਪਾਨ ਲੁਹਾਉਣ ਅਥਵਾ ਰਹਿਤ ਭੰਗ ਕਰਨ ਲਈ ਜ਼ੋਰ ਜ਼ੁਲਮ ਵਰਤੇ ਤਾਂ ਅਸੀਂ ਜਾਨਾਂ ਦੀ ਬਾਜ਼ੀ ਲਾ ਕੇ ਡਟ ਜਾਈਏ। ਸਿੰਘਾਂ ਦਾ ਗੁਰੂ ਰਾਖਾ ਹੈ। ਜ਼ਾਲਮਾਂ ਦਾ ਲੋਕ ਪਰਲੋਕ ਮੂੰਹ ਕਾਲਾ ਹੋਵੇਗਾ।

ਜੋ ਸਿਖ ਅਜੇ ਢਿਲੜ ਹੋ ਕੇ ਵਿਚਰ ਰਹੇ ਹਨ ਅਤੇ ਸਤਿਗੁਰੂ ਦੀ ਬਖਸ਼ਸ 'ਕਿਰਪਾਨ' (ਕਿਰਪਾ-ਆਨ) ਤੋਂ ਵਿਰਵੇ ਹਨ, ਉਹਨਾਂ ਨੂੰ ਚਾਹੀਦਾ ਹੈ ਕਿ ਕਿਰਪਾਨ ਧਾਰਨ ਕਰ ਕੇ ਸਤਿਗੁਰਾਂ ਦੀ ਪ੍ਰਸੰਨਤਾ ਅਤੇ ਕਿਰਪਾ ਦੇ ਪਾਤਰ ਬਣਨ। ਸਿੰਘਾਂ ਦੀ ਗਾਤਰੇ ਵਿਚ ਸਜਾਈ ਜਾਣ ਵਾਲੀ ਕਿਰਪਾਨ ਦਾ ਸਾਈਜ਼ ਘਟ ਤੋਂ ਘਟ (ਹੈਂਡਲ ਤੋਂ ਬਿਨਾਂ) ਫਲ (ਬਲੇਡ) ਛੇ ਇੰਚ ਹੋਣਾ ਚਾਹੀਦਾ ਹੈ। ਆਰਮੀ ਰੈਗੂਲੇਸ਼ਨ ਇੰਡੀਆ ਵਿਚ ਇੰਡੀਅਨ ਆਰਮ ਐਕਟ 1878 ਅਨੁਸਾਰ ਨੌਂ ਇੰਚ ਬਲੇਡ ਦੀ ਕਿਰਪਾਨ ਫ਼ੌਜ ਵਿਚ ਸਿੱਖਾਂ ਲਈ ਰਖਣ ਦਾ ਪੂਰਨ ਅਧਿਕਾਰ ਹੈ।

---


# ਖਾਲਸਾ ਰਹਿਤ ਕੇਸਕੀ (ਦਸਤਾਰ)

ਇਸ ਛੋਟੀ ਜਿਹੀ ਪੁਸਤਕ ਵਿਚ ਗੁਰਬਾਣੀ, ਸਿੱਖ ਇਤਿਹਾਸ ਅਤੇ ਰਹਿਤਨਾਮਿਆਂ ਆਦਿ ਦੇ ਅਧਾਰ ਤੇ ਵਿਦਵਾਨ ਲੇਖਕਾਂ ਦੇ ਖੋਜ ਭਰੇ ਅੱਠ ਲੇਖ ਦਿਤੇ ਗਏ ਹਨ; ਜਿਨ੍ਹਾਂ ਤੋਂ ਸਿਧ ਹੋ ਜਾਂਦਾ ਹੈ ਕਿ ਕੇਸਕੀ (ਛੋਟੀ ਦਸਤਾਰ) ਦੀ ਰਹਿਤ ਹਰੇਕ ਗੁਰਸਿਖ ਇਸਤ੍ਰੀ ਮਰਦ ਲਈ ਲਾਜ਼ਮੀ ਹੈ। ਪੰਨੇ ੮੪, ਭੇਟਾ ਇਕ ਰੁਪਿਆ





www.AKJ.Org

# ਜਥੇਦਾਰ ਭਾ: ਸਾ: ਰਾਮ ਸਿੰਘ ਜੀ ਹੀ ਰਹਿਣਗੇ

ਦਿਲੀ ਦੁਸਹਿਰੇ ਸਮਾਗਮ ਤੇ ਮਿਤੀ ੨੫-੧੦-੮੨ ਨੂੰ ਸੰਗਤਾਂ ਦੇ ਨਿਵਾਸ-ਅਸਥਾਨ ਤੇ ਅਖੰਡ ਕੀਰਤਨੀ ਜਥੇ ਦੀ ਜਥੇਬੰਦਕ ਮੀਟਿੰਗ ਹੋਈ। ਇਸ ਮੀਟਿੰਗ ਦਾ ਪ੍ਰਮੁਖ ਮੰਤਵ ਜਥੇਦਾਰ ਭਾ: ਸਾ: ਰਾਮ ਸਿੰਘ ਜੀ ਦੇ ਅਸਤੀਫੇ ਤੇ ਵਿਚਾਰ ਕਰਨਾ ਸੀ। ਇਸ ਸੰਬੰਧ ਵਿਚ ਸੂਚਨਾ 'ਸੂਰਾ' ਮਾਸਕ ਪੱਤਰ ਵਿਚ ਵੀ ਦਿਤੀ ਹੋਈ ਸੀ ਅਤੇ ਦਿਲੀ ਸਮਾਗਮ ਤੇ ਵੀ ਅਨਾਊਂਸਮੈਂਟ (announcement) ਕਰਵਾਈ ਗਈ।

ਸੱਚੇ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਅਰਦਾਸ ਹੋਈ ਅਤੇ ਹੁਕਮਨਾਮਾ ਲੈ ਕੇ ਮੀਟਿੰਗ ਅਰੰਭ ਹੋਈ। ਮੀਟਿੰਗ ਵਿਚ ਵਖ ਵਖ ਥਾਵਾਂ ਦੇ ਸਜਣਾਂ ਨੇ ਭਾਗ ਲਿਆ। ਵਿਚਾਰ ਹੇਠ ਲਿਖੇ ਸਜਣਾਂ ਵਲੋਂ ਪਰਗਟ ਕੀਤੇ ਗਏ :–

| | | |
|---|---|---|
| ਭਾਈ ਰਾਮ ਸਿੰਘ ਜੀ | ਮਾਸਟਰ ਜਸਵੰਤ ਸਿੰਘ ਜੀ | ਭਾਈ ਪਿਆਰਾ ਸਿੰਘ ਜੀ |
| ਭਾਈ ਅਮਰਜੀਤ ਸਿੰਘ ਜੀ | ਭਾਈ ਮੇਹਰ ਸਿੰਘ ਜੀ | ਮਾਸਟਰ ਹਰਬੰਸ ਸਿੰਘ ਜੀ |
| ਡਾਕਟਰ ਦਰਸ਼ਨ ਸਿੰਘ ਜੀ | ਭਾਈ ਮਹਿੰਦਰ ਸਿੰਘ ਜੀ | ਡਾਕਟਰ ਦਲਬੀਰ ਸਿੰਘ ਜੀ |
| ਭਾਈ ਅਮੋਲਕ ਸਿੰਘ ਜੀ | ਭਾਈ ਹਰਪਾਲ ਸਿੰਘ ਜੀ XEN | ਭਾਈ ਜੁਗਿੰਦਰ ਸਿੰਘ ਜੀ |
| ਭਾਈ ਤਲਵਿੰਦਰ ਸਿੰਘ ਜੀ ਯੂ. ਪੀ. | ਭਾਈ ਗੁਰਚਰਨਜੀਤ ਸਿੰਘ ਜੀ | ਬੀਬੀ ਹਰਸ਼ਰਨ ਕੌਰ ਜੀ |

ਮੀਟਿੰਗ ਵਿਚ ਵਿਚਾਰ ਕਰਦਿਆਂ ਕਈ ਵਿਸ਼ੇ ਵਿਚਾਰ ਗੋਚਰੇ ਹੋਏ, ਜਿਵੇਂ ਕਿ–

(੧) ਜਥੇਦਾਰ ਦੀ ਕੋਈ ਲੋੜ ਨਹੀਂ।

(੨) ਜਥੇਦਾਰੀ ਪੰਜ ਪਿਆਰਿਆਂ ਪਾਸ ਚਾਹੀਦੀ ਹੈ।

(੩) ਜਥੇਦਾਰ ਦੀ ਲੋੜ ਹੈ।

(੪) ਜਥੇ ਨੂੰ ਆਪਣੀਆਂ ਸਰਗਰਮੀਆਂ ਧਾਰਮਿਕ ਮਸਲਿਆਂ, ਜਿਵੇਂ ਕਿ ਕੀਰਤਨ ਕਰਨਾ, ਨਾਮ ਜਪਣਾ, ਅੰਮ੍ਰਿਤ ਪਰਚਾਰ ਕਰਨਾ–ਤਕ ਹੀ ਸੀਮਤ ਰਖਣੀਆਂ ਚਾਹੀਦੀਆਂ ਹਨ।

ਉਪਰੋਕਤ ਮਸਲਿਆਂ ਤੇ ਕਾਫ਼ੀ ਦੇਰ ਤਕ ਘੋਖਵੀਂ ਵਿਚਾਰ ਹੁੰਦੀ ਰਹੀ। ਦੀਰਘ ਵਿਚਾਰ ਮਗਰੋਂ ਸਰਬ ਸੰਮਤੀ ਨਾਲ ਹੇਠ ਲਿਖਿਆ ਫ਼ੈਸਲਾ ਕੀਤਾ ਗਿਆ–

ਜਥੇਦਾਰ ਦੀ ਬਦਲੀ ਨਹੀਂ ਹੋਏਗੀ। ਜਥੇਦਾਰੀ ਦੀ ਸੇਵਾ ਭਾਈ ਰਾਮ ਸਿੰਘ ਜੀ ਪਾਸ ਹੀ ਰਹੇਗੀ।

ਉਪਰੰਤ ਅਰਦਾਸ ਕਰ ਕੇ, ਹੁਕਮਨਾਮਾ ਲੈ ਕੇ ਮੀਟਿੰਗ ਸਮਾਪਤ ਕੀਤੀ ਗਈ।

ਦਾਸਰਾ–ਮੈਨੇਜਰ 'ਸੂਰਾ'

## ਸਮੂਹ ਗੁਰਸਿਖਾਂ ਪਾਸ ਸਨਿਮਰ ਬੇਨਤੀ

ਅਖੰਡ ਕੀਰਤਨੀ ਜਥਾ ਨਿਰੋਲ ਧਾਰਮਕ ਜਥਾ ਹੈ, ਇਹ ਸਿਆਸੀ ਪਾਰਟੀ ਨਹੀਂ ਹੈ। ਇਸ ਦਾ ਨਿਸ਼ਾਨਾ ਨਾਮ, ਬਾਣੀ, ਕੀਰਤਨ, ਅੰਮ੍ਰਿਤ ਸਿੰਚਾਰ ਅਤੇ ਤੱਤ ਗੁਰਮਤਿ ਪ੍ਰਚਾਰ ਹੈ। ਇਹੀ ਪ੍ਰਭੂ-ਪ੍ਰੀਤਿ ਦੇ ਪ੍ਰਗਟਾਵੇ ਦੇ ਸਾਧਨ ਹਨ। ਪੰਥ ਦਾ ਅਨਿਖੜਵਾਂ ਅੰਗ ਹੋਣ ਦੇ ਨਾਤੇ, ਜਥਾ ਪੰਥ ਦੀ ਚੜ੍ਹਦੀ ਕਲਾ ਲਈ, ਪੰਥਕ ਹੁਕਮਾਂ ਅਨੁਸਾਰ ਸੇਵਾ ਲਈ ਸਦਾ ਹੀ ਹਾਜ਼ਰ ਹੈ।

ਖਾਲਸਾ ਜੀ ਦਾ ਸੇਵਕ–ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ,
ਕੇਂਦਰੀ ਦਫ਼ਤਰ ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ


www.AKJ.Org

# 'ਸੂਰਾ' ਮਾਸਕ ਪੱਤਰ ਦਾ ਦਫ਼ਤਰ

੧੯੮੧ ਦੁਸਹਿਰਾ ਸਮਾਗਮ ਸਮੇਂ ਆਪਣੀ ਬੇਬਸੀ ਦਸਦਿਆਂ ਬੇਨਤੀ ਕੀਤੀ ਗਈ ਸੀ ਕਿ 'ਸੂਰਾ' ਦਾ ਪਰਬੰਧ ਕਿਸੇ ਹੋਰ ਸ਼ਹਿਰ ਦੀ ਸੰਗਤ ਨੂੰ ਸੌਂਪਿਆ ਜਾਵੇ। ਦਿਲੀ ਦੀ ਉਸ ਮੀਟਿੰਗ ਵਿਚ ਫ਼ੈਸਲਾ ਹੋਇਆ ਕਿ ਇਹ ਸੇਵਾ ਅੰਮ੍ਰਿਤਸਰ ਦੇ ਸਿੰਘ ਹੀ ਨਿਭਾਈ ਜਾਣ। ਲੋੜ ਅਨੁਸਾਰ ਸਹਾਇਤਾ ਲਈ ਹੋਰ ਸਜਣ ਨਾਲ ਲਾ ਲਏ ਜਾਣ। ਅਤੇ 'ਸੂਰਾ' ਪਤਰ ਦਾ ਬਾਕਾਇਦਾ ਦਫਤਰ ਬਣਾਇਆ ਜਾਵੇ, ਜਿਥੇ ਸਾਰੇ ਰਲ ਕੇ ਸੇਵਾ ਕਰ ਸਕਣ। ਸਾਲ ਤੋਂ ਉਤੇ ਸਮਾਂ ਬੀਤ ਗਿਆ ਹੈ, ਪਰ ਅਜੇ ਤਕ ਥਾਂ ਦਾ ਕੋਈ ਪਰਬੰਧ ਨਹੀਂ ਹੋ ਸਕਿਆ, ਜਿਸ ਕਰਕੇ ਸਹਾਇਤਾ ਲਈ ਕੋਈ ਸਜਣ ਨਹੀਂ ਲਿਆ ਜਾ ਸਕਿਆ।

ਮਾਰਚ ੧੯੭੩ ਤੋਂ ਅਜ ਤਕ 'ਸੂਰਾ' ਦਾ ਦਫ਼ਤਰ 'ਸਿੰਘ ਬ੍ਰਦਰਜ਼' ਦੀ ਦੁਕਾਨ ਵਿਚ ਹੀ ਇਕ ਛੋਟੀ ਜਹੀ ਮੇਜ਼ ਲਾ ਕੇ ਬਣਿਆ ਹੋਇਆ ਹੈ। ਉਥੇ ਇਕ ਸਜਣ ਬੈਠ ਕੇ ਦਫ਼ਤਰੀ ਲੈਣ ਦੇਣ ਆਦਿ ਦੇ ਕੰਮ ਨਿਭਾ ਰਿਹਾ ਹੈ। ਬਾਕੀ ਸਭ ਕੁਝ ਘਰਾਂ ਵਿਚ ਹੀ ਬੈਠ ਕੇ ਕੀਤਾ ਜਾਂਦਾ ਹੈ ਅਤੇ ਵਾਧੂ ਘਾਟੂ ਪਰਚਿਆਂ ਆਦਿ ਦਾ ਸਟਾਕ ਵੀ ਘਰਾਂ ਵਿਚ ਹੀ ਟਿਕਿਆ ਹੋਇਆ ਹੈ।

'ਸੂਰਾ' ਦਫ਼ਤਰ ਲਈ ਕਰਾਏ ਲਈ ਟਿਕਾਣੇ ਦੀ ਥਾਂ ਲੈਣ ਲਈ ਹਜ਼ਾਰਾਂ ਰੁਪਏ ਗੁਡ-ਵਿਲ ਜਾਂ ਪਗੜੀ ਚਾਹੀਦੀ ਹੈ। ਇਸ ਤੋਂ ਬਿਨਾਂ ਥਾਂ ਮਿਲ ਹੀ ਨਹੀਂ ਸਕਦੀ। ਅਤੇ ਫਿਰ ਕਰਾਇਆ ਵੀ ਪੰਜ ਕੁ ਸੌ ਰੁਪਏ ਤੋਂ ਘਟ ਨਹੀਂ ਹੋ ਸਕਦਾ। ਜੇ ਸੰਗਤਾਂ ਦੀ ਇੱਛਾ ਹੈ ਕਿ 'ਸੂਰਾ' ਦੀ ਸੇਵਾ ਸ੍ਰੀ ਅੰਮ੍ਰਿਤਸਰ ਦੀ ਸੰਗਤ ਹੀ ਨਿਭਾਵੇ ਤਾਂ ਦਫ਼ਤਰ ਦੀ ਥਾਂ ਲਈ ਯੋਗ ਪਰਬੰਧ ਕਰਨਾ ਅਤੀ ਜ਼ਰੂਰੀ ਹੈ। 'ਸੂਰਾ' ਲਈ ਥਾਂ ਕੋਈ ਆਪਣੀ ਹੀ ਖ਼ਰੀਦੀ ਜਾਵੇ ਤਾਂ ਹੀ ਕੰਮ ਤੁਰ ਸਕੇਗਾ। ਅਤੇ ਟਿਕਾਣੇ ਸਿਰ ਥਾਂ ਲੱਭਣ ਲਈ ਦੋ ਤੋਂ ਤਿੰਨ ਲੱਖ ਰੁਪਏ ਤੋਂ ਘੱਟ ਨਾਲ ਕੰਮ ਨਹੀਂ ਸਰ ਸਕਦਾ। ਸੋ ਸਮੂਹ ਅਖੰਡ ਕੀਰਤਨੀ ਜਥੇ ਦੇ ਸਮੂਹ ਸੱਜਣਾਂ ਪਾਸ ਬੇਨਤੀ ਹੈ ਕਿ ਇਸ ਸੰਬੰਧ ਵਿਚ ਕੋਈ ਯੋਗ ਪਰਬੰਧ ਕੀਤਾ ਜਾਵੇ।

ਦਾਸਰਾ—ਮੈਨੇਜਰ 'ਸੂਰਾ', ਅੰਮ੍ਰਿਤਸਰ

---

# ਪੂਰਬ ਜਨਮ ਕੇ ਮਿਲੇ ਸੰਜੋਗੀ

[ਲੇਖਕ—ਪ੍ਰੋਫੈਸਰ ਠਾਕਰ ਸਿੰਘ ਜੀ]

ਇਸ ਪੁਸਤਕ ਵਿਚ ਰੰਗ-ਰਤੜੇ ਗੁਰੂ ਪਿਆਰੇ ਬਾਊ ਮੱਲ ਸਿੰਘ ਜੀ ਦੀ ਜੀਵਨੀ ਹੈ। ਜੀਵਨ-ਪ੍ਰਯੰਤ ਆਪ ਜੀ ਨੇ ਥਾਂ-ਪਰ-ਥਾਂ ਪੁਜ ਕੇ ਅਨੇਕਾਂ ਗੁਰਮਤਿ ਸਮਾਗਮਾਂ ਦੀਆਂ ਹਾਜ਼ਰੀਆਂ ਭਰੀਆਂ, ਜਿਥੇ ਗੁਰਬਾਣੀ ਅਤੇ ਕੀਰਤਨ ਦੇ ਪ੍ਰਵਾਹ ਚਲਾਏ। ਅੰਮ੍ਰਿਤ ਸਿੰਚਾਰ ਸਮਾਗਮਾਂ ਵਿਚ ਆਪ ਜੀ ਨੇ ਖ਼ੂਬ ਵਧ ਚੜ੍ਹ ਕੇ ਰੰਗਾਂ ਵਿਚ ਸੇਵਾ ਨਿਭਾਈ। ਇਸ ਪੁਸਤਕ ਵਿਚ ਭਾਈ ਰਣਧੀਰ ਸਿੰਘ ਜੀ ਦੇ ਨਾਲ ਸੰਬੰਧਤ ਬੜੇ ਰੋਚਿਕ ਪਰਸੰਗ ਵੀ ਦਿਤੇ ਹੋਏ ਹਨ। ਇਹ ਪੁਸਤਕ ਹਨੇਰੇ ਜੀਵਨ ਰੁਸ਼ਨਾਉਣ ਵਾਲੀ, ਸਾਈਂ ਦੇ ਲੜ ਲਾਉਣ ਵਾਲੀ ਤੇ ਦੁਖ ਦਰਦ ਮਿਟਾਣ ਵਾਲੀ ਹੈ ਅਤੇ ਗੁਰਸਿਖਾਂ ਨੂੰ ਗੁਰਮਤਿ ਦੀਆਂ ਅਨੇਕਾਂ ਸੇਧਾਂ ਦਿੰਦੀ ਹੈ। ਸਫੇ ੨੫੬, ਕਾਗਜ਼ ਛਪਾਈ ਚੰਗੀ,

ਸਚਿਤਰ ਪੇਪਰ ਬੈੱਕ 4/–, ਡੀਲਕਸ 7/–

---

# ਸ੍ਰੀ ਅੰਮ੍ਰਿਤਸਰ ਦੇ ਇਤਿਹਾਸਕ ਗੁਰ-ਅਸਥਾਨਾਂ ਵਿਖੇ ਕੀਰਤਨ

ਅਖੰਡ ਕੀਰਤਨੀ ਜਥਾ ਸ੍ਰੀ ਅੰਮ੍ਰਿਤਸਰ ਵਲੋਂ ਹੇਠ ਲਿਖੇ ਗੁਰ-ਅਸਥਾਨਾਂ ਵਿਚ ਕੀਰਤਨ ਹੋ ਰਹੇ ਹਨ—

(੧) ਗੁਰਦੁਆਰਾ ਲੋਹਗੜ੍ਹ ਸਾਹਿਬ ਵਿਖੇ ੧੯ ਦਸੰਬਰ ਐਤਵਾਰ ਸ਼ਾਮ ੫ ਤੋਂ ੭–੩੦

(੨) ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ੨੬ ਦਸੰਬਰ ਐਤਵਾਰ ਸ਼ਾਮ ੫ ਤੋਂ ੭–੩੦

(੩) ਗੁਰਦੁਆਰਾ ਪਿਪਲੀ ਸਾਹਿਬ ਪੁਤਲੀਘਰ ਵਿਚ ੨ ਜਨਵਰੀ ਸ਼ਾਮ ੫ ਤੋਂ ੮–੩੦



www.AKJ.Org

# ਖਾਲਸੇ ਦੇ ਧਰਮ ਮੋਰਚੇ ਬਾਰੇ—ਅਖ਼ਬਾਰਾਂ ਦੀ ਜ਼ਬਾਨੀ

## *ਸਿੱਖਾਂ ਦਾ ਤਾਂ ਸਭ ਕੁਝ ਹੀ ਦਾਓ ਤੇ ਹੈ, ਮੈਡਮ !*

### ਸਿਖ ਦੇਸ਼ ਨੂੰ ਖੁਸ਼ਹਾਲ, ਸ਼ਕਤੀਸ਼ਾਲੀ ਤੇ ਅਖੰਡ ਵੇਖਣਾ ਚਾਹੁੰਦੇ ਹਨ, ਪ੍ਰਧਾਨ ਮੰਤਰੀ ਜੀ !

ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਹੈ ਕਿ ਸਿੱਖਾਂ ਨੇ ਇਸ ਦੇਸ਼ ਦੀ ਬੜੀ ਸੇਵਾ ਕੀਤੀ ਹੈ ਅਤੇ ਦੇਸ਼ ਦੀ ਤਰੱਕੀ ਤੇ ਖੁਸ਼ਹਾਲੀ ਲਈ ਉਹਨਾਂ ਦਾ ਬਹੁਤ ਕੁਝ ਦਾਓ ਤੇ ਲਗਾ ਹੋਇਆ ਹੈ। ਪ੍ਰਧਾਨ ਮੰਤਰੀ ਨੇ ਇਹ ਗਲ ਨੈਸ਼ਨਲ ਡਿਫੈਂਸ ਕਾਲਜ 'ਚ ਕੋਰਸ ਕਰਨ ਵਾਲੇ ਅਫ਼ਸਰਾਂ ਦੀ ਮੀਟਿੰਗ ਵਿਚ ਕਹੀ। ਉਨ੍ਹਾਂ ਨੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਕਹੀਆਂ, ਜੋ ਉਹ ਪਹਿਲਾਂ ਵੀ ਕਈ ਵਾਰ ਕਹਿ ਚੁਕੇ ਹਨ, ਜਿਵੇਂ ਕਿ ਰਾਜਾਂ ਦੀਆਂ ਸਰਹੱਦਾਂ ਦੀ ਮਾਮਲਾ ਫਿਰ ਤੋਂ ਨਹੀਂ ਖੋਲ੍ਹਿਆ ਜਾਏਗਾ। ਕੋਈ ਅਜਿਹੀ ਮੰਗ ਨਹੀਂ ਮੰਨੀ ਜਾਏਗੀ ਜੋ ਦੇਸ਼ ਦੇ ਹਿਤਾਂ ਅਤੇ ਏਕਤਾ ਦੇ ਵਿਰੁਧ ਹੋਵੇ। ਸਰਕਾਰ ਸਾਰੇ ਮਸਲੇ ਗਲਬਾਤ ਨਾਲ ਮੁਕਾਣਾ ਚਾਹੁੰਦੀ ਹੈ, ਉਹ ਸਖ਼ਤੀ ਨਹੀਂ ਕਰਨਾ ਚਾਹੁੰਦੀ :—ਪ੍ਰਧਾਨ ਮੰਤਰੀ ਦੀਆਂ ਬਹੁਤੀਆਂ ਗਲਾਂ ਪੁਰਾਣੀਆਂ ਹਨ, ਪਰ ਜੋ ਕੁਝ ਉਹਨਾਂ ਨੇ ਇਸ ਦੇਸ਼ ਦੀ ਖੁਸ਼ਹਾਲੀ ਤੇ ਏਕਤਾ ਵਿਚ ਸਿੱਖਾਂ ਦੇ ਦਾਓ ਬਾਰੇ ਕਿਹਾ ਹੈ, ਉਹ ਤਾਂ ਇਹ ਕਹਿੰਦੇ ਹਨ ਕਿ ਸਿੱਖਾਂ ਦਾ ਬਹੁਤ ਕੁਝ ਦਾਓ ਤੇ ਲਗਾ ਹੋਇਆ ਹੈ। ਅਸੀਂ ਕਹਿੰਦੇ ਹਾਂ ਕਿ ਸਿੱਖਾਂ ਦਾ ਸਭ ਕੁਝ ਹੀ ਦਾਓ ਤੇ ਲਗਾ ਹੋਇਆ ਹੈ। ਇਸ ਦੇਸ਼ ਦੇ ਭਵਿਖ ਨਾਲ ਹੀ ਸਿੱਖਾਂ ਦਾ ਭਵਿਖ ਜੁੜ ਗਿਆ ਹੈ। ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਸਿਖਾਂ ਨੇ ਸਭ ਤੋਂ ਵਧ ਕੁਰਬਾਨੀਆਂ ਕੀਤੀਆਂ, ਕਿਉਂਕਿ ਇਸ ਉਪ ਮਹਾਂਦੀਪ ਦੇ ਇਤਿਹਾਸ ਵਿਚ ਪੰਜਾਬ ਸਭ ਤੋਂ ਆਖਰੀ ਖੇਤਰ ਸੀ ਜੋ ਅੰਗਰੇਜ਼ਾਂ ਦਾ ਗੁਲਾਮ ਹੋਇਆ। ਇਸ ਲਈ ਸਿਖਾਂ ਦੇ ਦਿਲ ਵਿਚ ਸ਼ੁਰੂ ਤੋਂ ਹੀ ਆਜ਼ਾਦੀ ਲਈ ਤੜਪ ਸੀ, ਉਹ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਛੇਤੀ ਤੋਂ ਛੇਤੀ ਤੋੜਨਾ ਚਾਹੁੰਦੇ ਸਨ। ਉਹਨਾਂ ਨੇ ਆਜ਼ਾਦੀ ਦੀ ਦੇਵੀ ਤੇ ਅਪਣਾ ਖ਼ੂਨ ਚੜ੍ਹਾਇਆ। ਸਿਖ ਇਸ ਗਲ ਤੇ ਫ਼ਖ਼ਰ ਕਰ ਸਕਦੇ ਹਨ ਕਿ ਉਹਨਾਂ ਨੇ ਆਜ਼ਾਦੀ ਦੀ ਪ੍ਰਾਪਤੀ ਲਈ ਕੀਮਤ ਅਦਾ ਕਰ ਦਿਤੀ। ਫਿਰ ਜਦ ਭਾਰਤ ਦੀ ਆਜ਼ਾਦੀ ਦੀ ਗਲਬਾਤ ਚਲ ਰਹੀ ਸੀ ਤਾਂ ਸਿੱਖਾਂ ਨੇ ਕਿਹਾ ਕਿ ਉਹ ਸੰਯੁਕਤ ਭਾਰਤ ਨੂੰ ਹੀ ਆਜ਼ਾਦ ਦੇਖਣਾ ਚਾਹੁੰਦੇ ਹਨ। ਮਿ: ਜਿਨਾਹ ਦੀ ਜ਼ਿਦ ਅੰਤੇ ਸਿਆਸਤ ਦੇ ਸਾਂਹਮਣੇ ਜਦ ਕਾਂਗਰਸੀ ਲੀਡਰਸ਼ਿਪ ਬੇਵਸ ਹੋ ਗਈ ਤਾਂ ਸਿਖਾਂ ਨੇ ਕਿਹਾ ਕਿ ਆਜ਼ਾਦ ਭਾਰਤ ਵਿਚ ਉਹਨਾਂ ਨੂੰ ਆਜ਼ਾਦੀ ਦੀ ਫ਼ਜ਼ਾ ਵਿਚ ਸਾਹ ਲੈਣ ਦਾ ਅਧਿਕਾਰ ਹੈ ਤੇ ਇਸ ਅਧਿਕਾਰ ਤੋਂ ਉਹਨਾਂ ਨੂੰ ਕੋਈ ਵਾਂਞਿਆਂ ਨਹੀਂ ਰਖ ਸਕਦਾ। ਪੰਡਤ ਜਵਾਹਰ ਲਾਲ ਨਹਿਰੂ ਨੇ ਸਿੱਖਾਂ ਨਾਲ ਵਾਅਦਾ ਕੀਤਾ ਕਿ ਆਜ਼ਾਦ ਭਾਰਤ ਵਿਚ ਸਿਖਾਂ ਨੂੰ ਅਜਿਹਾ ਖੇਤਰ ਦਿਤਾ ਜਾਏਗਾ ਜਿਥੇ ਉਹ ਆਪਣੇ ਆਪ ਨੂੰ 'ਆਜ਼ਾਦ' ਮਹਿਸੂਸ ਕਰਨਗੇ। 1947 ਦੇ ਬਾਅਦ ਜਦ ਦੇਸ਼ ਦੇ ਨਵੇਂ ਨਿਰਮਾਣ ਦਾ ਸੁਆਲ ਪੈਦਾ ਹੋਇਆ ਤਾਂ ਸਿੱਖਾਂ ਨੇ ਫਿਰ ਤੋਂ ਆਪਣੇ ਆਪ ਨੂੰ ਪੇਸ਼ ਕੀਤਾ। ਜਿਸ ਪ੍ਰਾਜੈਕਟ ਨੂੰ ਕੋਈ ਹੱਥ ਪਾਉਣ ਲਈ ਤਿਆਰ ਨਹੀਂ ਸੀ, ਉਸ ਚੈਲੰਜ ਨੂੰ ਸਿੱਖਾਂ ਨੇ ਪ੍ਰਵਾਨ ਕਰ ਲਿਆ। ਭਾਰਤ ਦਾ ਸ਼ਾਇਦ ਹੀ ਕੋਈ ਅਜਿਹਾ ਪ੍ਰਾਜੈਕਟ ਜਾਂ ਖੇਤਰ ਹੋਵੇਗਾ ਜਿਥੇ ਸਿੱਖਾਂ ਨੇ ਪਸੀਨਾ ਨਾ ਬਹਾਇਆ ਹੋਵੇ। ਇਹਨਾਂ ਪ੍ਰਾਜੈਕਟਾਂ ਨੇ ਦੇਸ਼ ਵਿਚ ਖੁਸ਼ਹਾਲੀ ਲਿਆਂਦੀ ਤੇ ਦੇਸ਼ ਬੜੀ ਤੇਜ਼ੀ ਨਾਲ ਅਗੇ ਵਧਿਆ। ਫਿਰ ਸਿੱਖ ਜਿਥੇ ਵੀ ਗਏ, ਉਹਨਾਂ ਨੇ ਆਪਣੀ ਹਿੰਮਤ ਤੇ ਮਿਹਨਤ ਨਾਲ ਦੇਸ਼ ਦੀ ਪੈਦਾਵਾਰ ਵਿਚ ਵਾਧਾ ਕੀਤਾ। ਪੰਜਾਬ ਨੂੰ ਇਕ ਅਜਿਹਾ ਰਾਜ ਬਣਾਇਆ, ਜੋ ਅਜ ਸਾਰੇ ਦੇਸ਼ ਦਾ ਢਿੱਡ ਭਰਦਾ ਹੈ। ਤਰਾਈ ਦੇ ਜੰਗਲਾਂ ਵਿਚ ਸੱਪਾਂ ਦੀਆਂ ਸਿਰੀਆਂ ਫੇਹ ਫੇਹ ਕੇ ਉਹਨਾਂ ਨੇ ਜੰਗਲ ਵਿਚ ਮੰਗਲ ਪੈਦਾ ਕੀਤਾ ਅਤੇ ਜੇ ਅਜ ਉੱਤਰ ਪ੍ਰਦੇਸ਼ ਵੀ ਆਪਣਾ ਢਿੱਡ ਭਰਨ ਦੇ ਕਾਬਲ ਹੋਇਆ ਹੈ ਤਾਂ ਇਸ ਦਾ ਕਰੈਡਿਟ ਸਿੱਖਾਂ ਨੂੰ ਹੀ ਜਾਂਦਾ ਹੈ। ਅਜ ਪੰਜਾਬ ਵਿਚ ਜਿੰਨੇ ਟਰੈਕਟਰ ਹਨ, ਉੱਨੇ ਬਾਕੀ ਸਾਰੇ ਭਾਰਤ ਨੂੰ ਮਿਲਾ ਕੇ ਵੀ ਨਹੀਂ ਹਨ। ਅਜ ਸਿੱਖ ਆਪਣੀ ਮਿਹਨਤ ਨਾਲ ਉੱਚੇ ਅਹੁਦਿਆਂ ਤੇ ਵੀ ਹਨ। ਜਿਸ ਖੇਤਰ



www.AKJ.Org

# 'ਸੂਰਾ' ਮਾਸਕ ਪੱਤਰ ਦਾ ਦਫ਼ਤਰ

੧੯੯੧ ਦੁਸਹਿਰਾ ਸਮਾਗਮ ਸਮੇਂ ਆਪਣੀ ਬੇਬਸੀ ਦਸਦਿਆਂ ਬੇਨਤੀ ਕੀਤੀ ਗਈ ਸੀ ਕਿ 'ਸੂਰਾ' ਦਾ ਪਰਬੰਧ ਕਿਸੇ ਹੋਰ ਸ਼ਹਿਰ ਦੀ ਸੰਗਤ ਨੂੰ ਸੌਂਪਿਆ ਜਾਵੇ। ਦਿਲੀ ਦੀ ਉਸ ਮੀਟਿੰਗ ਵਿਚ ਫ਼ੈਸਲਾ ਹੋਇਆ ਕਿ ਇਹ ਸੇਵਾ ਅੰਮ੍ਰਿਤਸਰ ਦੇ ਸਿੰਘ ਹੀ ਨਿਭਾਈ ਜਾਣ। ਲੋੜ ਅਨੁਸਾਰ ਸਹਾਇਤਾ ਲਈ ਹੋਰ ਸਜਣ ਨਾਲ ਲਾ ਲਏ ਜਾਣ। ਅਤੇ 'ਸੂਰਾ' ਪਤਰ ਦਾ ਬਾਕਾਇਦਾ ਦਫਤਰ ਬਣਾਇਆ ਜਾਵੇ, ਜਿਥੇ ਸਾਰੇ ਰਲ ਕੇ ਸੇਵਾ ਕਰ ਸਕਣ। ਸਾਲ ਤੋਂ ਉਤੇ ਸਮਾਂ ਬੀਤ ਗਿਆ ਹੈ, ਪਰ ਅਜੇ ਤਕ ਥਾਂ ਦਾ ਕੋਈ ਪਰਬੰਧ ਨਹੀਂ ਹੋ ਸਕਿਆ, ਜਿਸ ਕਰਕੇ ਸਹਾਇਤਾ ਲਈ ਕੋਈ ਸਜਣ ਨਹੀਂ ਲਿਆ ਜਾ ਸਕਿਆ।

ਮਾਰਚ ੧੯੭੩ ਤੋਂ ਅਜ ਤਕ 'ਸੂਰਾ' ਦਾ ਦਫ਼ਤਰ 'ਸਿੰਘ ਬ੍ਰਦਰਜ਼' ਦੀ ਦੁਕਾਨ ਵਿਚ ਹੀ ਇਕ ਛੋਟੀ ਜਹੀ ਮੇਜ਼ ਲਾ ਕੇ ਬਣਿਆ ਹੋਇਆ ਹੈ। ਉਥੇ ਇਕ ਸਜਣ ਬੈਠ ਕੇ ਦਫ਼ਤਰੀ ਲੈਣ ਦੇਣ ਆਦਿ ਦੇ ਕੰਮ ਨਿਭਾ ਰਿਹਾ ਹੈ। ਬਾਕੀ ਸਭ ਕੁਝ ਘਰਾਂ ਵਿਚ ਹੀ ਬੈਠ ਕੇ ਕੀਤਾ ਜਾਂਦਾ ਹੈ ਅਤੇ ਵਾਧੂ ਘਾਟੂ ਪਰਚਿਆਂ ਆਦਿ ਦਾ ਸਟਾਕ ਵੀ ਘਰਾਂ ਵਿਚ ਹੀ ਟਿਕਿਆ ਹੋਇਆ ਹੈ।

'ਸੂਰਾ' ਦਫ਼ਤਰ ਲਈ ਕਰਾਏ ਲਈ ਟਿਕਾਣੇ ਦੀ ਥਾਂ ਲੈਣ ਲਈ ਹਜ਼ਾਰਾਂ ਰੁਪਏ ਗੁਡ-ਵਿਲ ਜਾਂ ਪਗੜੀ ਚਾਹੀਦੀ ਹੈ। ਇਸ ਤੋਂ ਬਿਨਾਂ ਥਾਂ ਮਿਲ ਹੀ ਨਹੀਂ ਸਕਦੀ। ਅਤੇ ਫਿਰ ਕਰ ਇਆ ਵੀ ਪੰਜ ਕੁ ਸੌ ਰੁਪਏ ਤੋਂ ਘਟ ਨਹੀਂ ਹੋ ਸਕਦਾ। ਜੇ ਸੰਗਤਾਂ ਦੀ ਇੱਛਾ ਹੈ ਕਿ 'ਸੂਰਾ' ਦੀ ਸੇਵਾ ਸ੍ਰੀ ਅੰਮ੍ਰਿਤਸਰ ਦੀ ਸੰਗਤ ਹੀ ਨਿਭਾਵੇ ਤਾਂ ਦਫ਼ਤਰ ਦੀ ਥਾਂ ਲਈ ਯੋਗ ਪਰਬੰਧ ਕਰਨਾ ਅਤੀ ਜ਼ਰੂਰੀ ਹੈ। 'ਸੂਰਾ' ਲਈ ਥਾਂ ਕੋਈ ਆਪਣੀ ਹੀ ਖ਼ਰੀਦੀ ਜਾਵੇ ਤਾਂ ਹੀ ਕੰਮ-ਤੁਰ ਸਕੇਗਾ। ਅਤੇ ਟਿਕਾਣੇ ਸਿਰ ਥਾਂ ਲੱਭਣ ਲਈ ਦੋ ਤੋਂ ਤਿੰਨ ਲੱਖ ਰੁਪਏ ਤੋਂ ਘੱਟ ਨਾਲ ਕੰਮ ਨਹੀਂ ਸਰ ਸਕਦਾ। ਸੋ ਸਮੂਹ ਅਖੰਡ ਕੀਰਤਨੀ ਜਥੇ ਦੇ ਸਮੂਹ ਸੱਜਣਾਂ ਪਾਸ ਬੇਨਤੀ ਹੈ ਕਿ ਇਸ ਸੰਬੰਧ ਵਿਚ ਕੋਈ ਯੋਗ ਪਰਬੰਧ ਕੀਤਾ ਜਾਵੇ।

ਦਾਸਰਾ—ਮੈਨੇਜਰ 'ਸੂਰਾ', ਅੰਮ੍ਰਿਤਸਰ

# ਪੂਰਬ ਜਨਮ ਕੇ ਮਿਲੇ ਸੰਜੋਗੀ

[ਲੇਖਕ—ਪ੍ਰੋਫੈਸਰ ਠਾਕਰ ਸਿੰਘ ਜੀ]

ਇਸ ਪੁਸਤਕ ਵਿਚ ਰੰਗ-ਰਤੜੇ ਗੁਰੂ ਪਿਆਰੇ ਬਾਊ ਮੱਲ ਸਿੰਘ ਜੀ ਦੀ ਜੀਵਨੀ ਹੈ। ਜੀਵਨ-ਪ੍ਰਯੰਤ ਆਪ ਜੀ ਨੇ ਥਾਂ-ਪਰ-ਥਾਂ ਪੁਜ ਕੇ ਅਨੇਕਾਂ ਗੁਰਮਤਿ ਸਮਾਗਮਾਂ ਦੀਆਂ ਹਾਜ਼ਰੀਆਂ ਭਰੀਆਂ, ਜਿਥੇ ਗੁਰਬਾਣੀ ਅਤੇ ਕੀਰਤਨ ਦੇ ਪ੍ਰਵਾਹ ਚਲਾਏ। ਅੰਮ੍ਰਿਤ ਸਿੰਚਾਰ ਸਮਾਗਮਾਂ ਵਿਚ ਆਪ ਜੀ ਨੇ ਖ਼ੂਬ ਵਧ ਚੜ੍ਹ ਕੇ ਰੰਗਾਂ ਵਿਚ ਸੇਵਾ ਨਿਭਾਈ। ਇਸ ਪੁਸਤਕ ਵਿਚ ਭਾਈ ਰਣਧੀਰ ਸਿੰਘ ਜੀ ਦੇ ਨਾਲ ਸੰਬੰਧਤ ਬੜੇ ਰੋਚਿਕ ਪਰਸੰਗ ਵੀ ਦਿਤੇ ਹੋਏ ਹਨ। ਇਹ ਪੁਸਤਕ ਹਨੇਰੇ ਜੀਵਨ ਰੁਸ਼ਨਾਉਣ ਵਾਲੀ, ਸਾਈਂ ਦੇ ਲੜ ਲਾਉਣ ਵਾਲੀ ਤੇ ਦੁਖ ਦਰਦ ਮਿਟਾਣ ਵਾਲੀ ਹੈ ਅਤੇ ਗੁਰਸਿਖਾਂ ਨੂੰ ਗੁਰਮਤਿ ਦੀਆਂ ਅਨੇਕਾਂ ਸੇਧਾਂ ਦਿੰਦੀ ਹੈ। ਸਫੇ ੨੫੬, ਕਾਗਜ਼ ਛਪਾਈ ਚੰਗੀ,

ਸਚਿਤਰ ਪੇਪਰ ਬੈੱਕ 4/–, ਡੀਲਕਸ 7/–

# ਸ੍ਰੀ ਅੰਮ੍ਰਿਤਸਰ ਦੇ ਇਤਿਹਾਸਕ ਗੁਰ-ਅਸਥਾਨਾਂ ਵਿਖੇ ਕੀਰਤਨ

ਅਖੰਡ ਕੀਰਤਨੀ ਜਥਾ ਸ੍ਰੀ ਅੰਮ੍ਰਿਤਸਰ ਵਲੋਂ ਹੇਠ ਲਿਖੇ ਗੁਰ-ਅਸਥਾਨਾਂ ਵਿਚ ਕੀਰਤਨ ਹੋ ਰਹੇ ਹਨ—

(੧) ਗੁਰਦੁਆਰਾ ਲੋਹਗੜ੍ਹ ਸਾਹਿਬ ਵਿਖੇ ੧੯ ਦਸੰਬਰ ਐਤਵਾਰ ਸ਼ਾਮ ੫ ਤੋਂ ੭–੩੦

(੨) ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ੨੬ ਦਸੰਬਰ ਐਤਵਾਰ ਸ਼ਾਮ ੫ ਤੋਂ ੭–੩੦

(੩) ਗੁਰਦੁਆਰਾ ਪਿਪਲੀ ਸਾਹਿਬ ਪੁਤਲੀਘਰ ਵਿਚ ੨ ਜਨਵਰੀ ਸ਼ਾਮ ੫ ਤੋਂ ੮–੩੦



www.AKJ.Org

# ਖਾਲਸੇ ਦੇ ਧਰਮ ਮੋਰਚੇ ਬਾਰੇ—ਅਖ਼ਬਾਰਾਂ ਦੀ ਜ਼ਬਾਨੀ

## *ਸਿੱਖਾਂ ਦਾ ਤਾਂ ਸਭ ਕੁਝ ਹੀ ਦਾਓ ਤੇ ਹੈ, ਮੈਡਮ !*

### ਸਿੱਖ ਦੇਸ਼ ਨੂੰ ਖੁਸ਼ਹਾਲ, ਸ਼ਕਤੀਸ਼ਾਲੀ ਤੇ ਅਖੰਡ ਵੇਖਣਾ ਚਾਹੁੰਦੇ ਹਨ, ਪ੍ਰਧਾਨ ਮੰਤਰੀ ਜੀ !

ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਹੈ ਕਿ ਸਿੱਖਾਂ ਨੇ ਇਸ ਦੇਸ਼ ਦੀ ਬੜੀ ਸੇਵਾ ਕੀਤੀ ਹੈ ਅਤੇ ਦੇਸ਼ ਦੀ ਤਰੱਕੀ ਤੇ ਖੁਸ਼ਹਾਲੀ ਲਈ ਉਹਨਾਂ ਦਾ ਬਹੁਤ ਕੁਝ ਦਾਓ ਤੇ ਲਗਾ ਹੋਇਆ ਹੈ। ਪ੍ਰਧਾਨ ਮੰਤਰੀ ਨੇ ਇਹ ਗਲ ਨੈਸ਼ਨਲ ਡਿਫੈਂਸ ਕਾਲਜ 'ਚ ਕੋਰਸ ਕਰਨ ਵਾਲੇ ਅਫ਼ਸਰਾਂ ਦੀ ਮੀਟਿੰਗ ਵਿਚ ਕਹੀ। ਉਨ੍ਹਾਂ ਨੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਕਹੀਆਂ, ਜੋ ਉਹ ਪਹਿਲਾਂ ਵੀ ਕਈ ਵਾਰ ਕਹਿ ਚੁਕੇ ਹਨ, ਜਿਵੇਂ ਕਿ ਰਾਜਾਂ ਦੀਆਂ ਸਰਹੱਦਾਂ ਦੀ ਮਾਮਲਾ ਫਿਰ ਤੋਂ ਨਹੀਂ ਖੋਲ੍ਹਿਆ ਜਾਏਗਾ। ਕੋਈ ਅਜਿਹੀ ਮੰਗ ਨਹੀਂ ਮੰਨੀ ਜਾਏਗੀ ਜੋ ਦੇਸ਼ ਦੇ ਹਿਤਾਂ ਅਤੇ ਏਕਤਾ ਦੇ ਵਿਰੁਧ ਹੋਵੇ। ਸਰਕਾਰ ਸਾਰੇ ਮਸਲੇ ਗਲਬਾਤ ਨਾਲ ਮੁਕਾਣਾ ਚਾਹੁੰਦੀ ਹੈ, ਉਹ ਸਖ਼ਤੀ ਨਹੀਂ ਕਰਨਾ ਚਾਹੁੰਦੀ।——ਪ੍ਰਧਾਨ ਮੰਤਰੀ ਦੀਆਂ ਬਹੁਤੀਆਂ ਗਲਾਂ ਪੁਰਾਣੀਆਂ ਹਨ, ਪਰ ਜੋ ਕੁਝ ਉਹਨਾਂ ਨੇ ਇਸ ਦੇਸ਼ ਦੀ ਖੁਸ਼ਹਾਲੀ ਤੇ ਏਕਤਾ ਵਿਚ ਸਿੱਖਾਂ ਦੇ ਦਾਓ ਬਾਰੇ ਕਿਹਾ ਹੈ, ਉਹ ਤਾਂ ਇਹ ਕਹਿੰਦੇ ਹਨ ਕਿ ਸਿੱਖਾਂ ਦਾ ਬਹੁਤ ਕੁਝ ਦਾਓ ਤੇ ਲਗਾ ਹੋਇਆ ਹੈ। ਅਸੀਂ ਕਹਿੰਦੇ ਹਾਂ ਕਿ ਸਿੱਖਾਂ ਦਾ ਸਭ ਕੁਝ ਹੀ ਦਾਓ ਤੇ ਲਗਾ ਹੋਇਆ ਹੈ। ਇਸ ਦੇਸ਼ ਦੇ ਭਵਿਖ ਨਾਲ ਹੀ ਸਿੱਖਾਂ ਦਾ ਭਵਿਖ ਜੁੜ ਗਿਆ ਹੈ। ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਸਿਖਾਂ ਨੇ ਸਭ ਤੋਂ ਵਧ ਕੁਰਬਾਨੀਆਂ ਕੀਤੀਆਂ, ਕਿਉਂਕਿ ਇਸ ਉਪ ਮਹਾਂਦੀਪ ਦੇ ਇਤਿਹਾਸ ਵਿਚ ਪੰਜਾਬ ਸਭ ਤੋਂ ਆਖਰੀ ਖੇਤਰ ਸੀ ਜੋ ਅੰਗਰੇਜ਼ਾਂ ਦਾ ਗੁਲਾਮ ਹੋਇਆ। ਇਸ ਲਈ ਸਿਖਾਂ ਦੇ ਦਿਲ ਵਿਚ ਸ਼ੁਰੂ ਤੋਂ ਹੀ ਆਜ਼ਾਦੀ ਲਈ ਤੜਪ ਸੀ, ਉਹ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਛੇਤੀ ਤੋਂ ਛੇਤੀ ਤੋੜਨਾ ਚਾਹੁੰਦੇ ਸਨ। ਉਹਨਾਂ ਨੇ ਆਜ਼ਾਦੀ ਦੀ ਦੇਵੀ ਤੇ ਅਪਣਾ ਖੂਨ ਚੜ੍ਹਾਇਆ। ਸਿਖ ਇਸ ਗਲ ਤੇ ਫ਼ਖ਼ਰ ਕਰ ਸਕਦੇ ਹਨ ਕਿ ਉਹਨਾਂ ਨੇ ਆਜ਼ਾਦੀ ਦੀ ਪ੍ਰਾਪਤੀ ਲਈ ਕੀਮਤ ਅਦਾ ਕਰ ਦਿਤੀ। ਫਿਰ ਜਦ ਭਾਰਤ ਦੀ ਆਜ਼ਾਦੀ ਦੀ ਗਲਬਾਤ ਚਲ ਰਹੀ ਸੀ ਤਾਂ ਸਿੱਖਾਂ ਨੇ ਕਿਹਾ ਕਿ ਉਹ ਸੰਯੁਕਤ ਭਾਰਤ ਨੂੰ ਹੀ ਆਜ਼ਾਦ ਦੇਖਣਾ ਚਾਹੁੰਦੇ ਹਨ। ਮਿ: ਜਿਨਾਹ ਦੀ ਜ਼ਿਦ ਅਤੇ ਸਿਆਸਤ ਦੇ ਸਾਹਮਣੇ ਜਦ ਕਾਂਗਰਸੀ ਲੀਡਰਸ਼ਿਪ ਬੇਵਸ ਹੋ ਗਈ ਤਾਂ ਸਿਖਾਂ ਨੇ ਕਿਹਾ ਕਿ ਆਜ਼ਾਦ ਭਾਰਤ ਵਿਚ ਉਹਨਾਂ ਨੂੰ ਆਜ਼ਾਦੀ ਦੀ ਫ਼ਜ਼ਾ ਵਿਚ ਸਾਹ ਲੈਣ ਦਾ ਅਧਿਕਾਰ ਹੈ ਤੇ ਇਸ ਅਧਿਕਾਰ ਤੋਂ ਉਹਨਾਂ ਨੂੰ ਕੋਈ ਵਾਂਝਿਆਂ ਨਹੀਂ ਰਖ ਸਕਦਾ। ਪੰਡਤ ਜਵਾਹਰ ਲਾਲ ਨਹਿਰੂ ਨੇ ਸਿੱਖਾਂ ਨਾਲ ਵਾਅਦਾ ਕੀਤਾ ਕਿ ਆਜ਼ਾਦ ਭਾਰਤ ਵਿਚ ਸਿਖਾਂ ਨੂੰ ਅਜਿਹਾ ਖੇਤਰ ਦਿਤਾ ਜਾਏਗਾ ਜਿਥੇ ਉਹ ਆਪਣੇ ਆਪ ਨੂੰ 'ਆਜ਼ਾਦ' ਮਹਿਸੂਸ ਕਰਨਗੇ। 1947 ਦੇ ਬਾਅਦ ਜਦ ਦੇਸ਼ ਦੇ ਨਵੇਂ ਨਿਰਮਾਣ ਦਾ ਸੁਆਲ ਪੈਦਾ ਹੋਇਆ ਤਾਂ ਸਿੱਖਾਂ ਨੇ ਫਿਰ ਤੋਂ ਆਪਣੇ ਆਪ ਨੂੰ ਪੇਸ਼ ਕੀਤਾ। ਜਿਸ ਪ੍ਰਜੈਕਟ ਨੂੰ ਕੋਈ ਹੱਥ ਪਾਉਣ ਲਈ ਤਿਆਰ ਨਹੀਂ ਸੀ, ਉਸ ਚੈਲੰਜ ਨੂੰ ਸਿੱਖਾਂ ਨੇ ਪ੍ਰਵਾਨ ਕਰ ਲਿਆ। ਭਾਰਤ ਦਾ ਸ਼ਾਇਦ ਹੀ ਕੋਈ ਅਜਿਹਾ ਪ੍ਰਜੈਕਟ ਜਾਂ ਖੇਤਰ ਹੋਵੇਗਾ ਜਿਥੇ ਸਿੱਖਾਂ ਨੇ ਪਸੀਨਾ ਨਾ ਬਹਾਇਆ ਹੋਵੇ। ਇਹਨਾਂ ਪ੍ਰਾਜੈਕਟਾਂ ਨੇ ਦੇਸ਼ ਵਿਚ ਖੁਸ਼ਹਾਲੀ ਲਿਆਂਦੀ ਤੇ ਦੇਸ਼ ਬੜੀ ਤੇਜ਼ੀ ਨਾਲ ਅਗੇ ਵਧਿਆ। ਫਿਰ ਸਿੱਖ ਜਿਥੇ ਵੀ ਗਏ, ਉਹਨਾਂ ਨੇ ਆਪਣੀ ਹਿੰਮਤ ਤੇ ਮਿਹਨਤ ਨਾਲ ਦੇਸ਼ ਦੀ ਪੈਦਾਵਾਰ ਵਿਚ ਵਾਧਾ ਕੀਤਾ। ਪੰਜਾਬ ਨੂੰ ਇਕ ਅਜਿਹਾ ਰਾਜ ਬਣਾਇਆ, ਜੋ ਅਜ ਸਾਰੇ ਦੇਸ਼ ਦਾ ਢਿੱਡ ਭਰਦਾ ਹੈ। ਤਰਾਈ ਦੇ ਜੰਗਲਾਂ ਵਿਚ ਸੱਪਾਂ ਦੀਆਂ ਸਿਰੀਆਂ ਫੇਹ ਫੇਹ ਕੇ ਉਹਨਾਂ ਨੇ ਜੰਗਲ ਵਿਚ ਮੰਗਲ ਪੈਦਾ ਕੀਤਾ ਅਤੇ ਜੇ ਅਜ ਉੱਤਰ ਪ੍ਰਦੇਸ਼ ਵੀ ਆਪਣਾ ਢਿੱਡ ਭਰਨ ਦੇ ਕਾਬਲ ਹੋਇਆ ਹੈ ਤਾਂ ਇਸ ਦਾ ਕਰੈਡਿਟ ਸਿੱਖਾਂ ਨੂੰ ਹੀ ਜਾਂਦਾ ਹੈ। ਅਜ ਪੰਜਾਬ ਵਿਚ ਜਿੰਨੇ ਟਰੈਕਟਰ ਹਨ, ਉਨੇ ਬਾਕੀ ਸਾਰੇ ਭਾਰਤ ਨੂੰ ਮਿਲਾ ਕੇ ਵੀ ਨਹੀਂ ਹਨ। ਅਜ ਸਿੱਖ ਆਪਣੀ ਮਿਹਨਤ ਨਾਲ ਉੱਚੇ ਅਹੁਦਿਆਂ ਤੇ ਵੀ ਹਨ। ਜਿਸ ਖੇਤਰ



www.AKJ.Org

ਵਿਚ ਵੀ ਉਹਨਾਂ ਨੇ ਹੱਥ ਪਾਇਆ, ਉਸ ਖੇਤਰ ਵਿਚ ਉਹਨਾਂ ਨੇ ਕਮਾਲ ਪ੍ਰਾਪਤ ਕੀਤਾ ।

ਸਿੱਖਾਂ ਦੀ ਇਸ ਮੇਹਨਤ ਦਾ ਲਾਭ ਤਾਂ ਸਾਰਾ ਭਾਰਤ ਹੀ ਉਠਾ ਰਿਹਾ ਹੈ। ਫਿਰ ਦੇਸ਼ ਦੀ ਰਖਿਆ ਦਾ ਸੁਆਲ ਆਇਆ ਤਾਂ ਸਿੱਖ ਕਿਸੇ ਤੋਂ ਪਿਛਾਂਹ ਨਹੀਂ ਰਹੇ। ਭਾਰਤ ਤੇ ਪਾਕਿਸਤਾਨ ਦੀਆਂ ਜੰਗਾਂ ਹੋਈਆਂ। ਭਾਰਤ ਤੇ ਚੀਨ ਦੀ ਟੱਕਰ ਹੋਈ। ਇਹਨਾਂ ਜੰਗਾਂ ਵਿਚ ਵੀ ਸਿੱਖਾਂ ਨੇ ਖੂਨ ਦਿਤਾ। ਕਾਹਦੇ ਲਈ ? ਆਪਣੇ ਦੇਸ਼ ਲਈ, ਆਪਣੇ ਦੇਸ਼-ਵਾਸੀਆਂ ਲਈ, ਤਾਂ ਜੁ ਉਨ੍ਹਾਂ ਵਲ ਕੋਈ ਅੱਖ ਚੁਕ ਕੇ ਨਾ ਦੇਖ ਸਕੇ। ਸਿੱਖਾਂ ਨੇ ਇਸ ਦੇਸ਼ ਨੂੰ ਕਦੀ ਵੀ ਬੇਗਾਨਾ ਨਹੀਂ ਸਮਝਿਆ।

ਸਿੱਖਾਂ ਨੇ ਇਸ ਦੇਸ਼ ਲਈ ਜੋ ਕੁਝ ਕੀਤਾ, ਇਸ ਤੇ ਉਹਨਾਂ ਨੂੰ ਮਾਣ ਹੈ। ਉਹ ਭਾਰਤੀ ਕਹਿਲਾਉਣ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ। ਬਿਦੇਸ਼ਾਂ ਵਿਚ ਜਾ ਕੇ ਵੀ ਉਹਨਾਂ ਨੇ ਭਾਰਤ ਦੀ ਇੱਜ਼ਤ ਬਣਾਈ। ਜੇ ਉਹ ਭਾਰਤ ਨੂੰ ਬੇਗਾਨਾ ਦੇਸ਼ ਸਮਝਦੇ ਤਾਂ ਕੀ ਉਹ ਉਸਦੀ ਖਾਤਰ ਪਸੀਨਾ ਤੇ ਖੂਨ ਦੇ ਸਕਦੇ ਸਨ ? ਸਿੱਖ ਉਂਜ ਤਾਂ ਸਾਰੀ ਦੁਨੀਆਂ ਵਿਚ ਹਨ ਪਰ ਉਹਨਾਂ ਦਾ ਅਸਲ ਦੇਸ਼ ਤਾਂ ਭਾਰਤ ਹੀ ਹੈ।

ਦੁਨੀਆਂ ਦੇ ਕਿਸੇ ਵੀ ਹਿਸੇ ਵਿਚ ਸਿੱਖਾਂ ਨੂੰ ਕੋਈ ਮੁਸ਼ਕਲ ਪੇਸ਼ ਆਏ ਤਾਂ ਉਹ ਅੰਮ੍ਰਿਤਸਰ ਵਲ ਹੀ ਵੇਖਦੇ ਹਨ। ਉਥੋਂ ਹੀ ਅਗਵਾਈ ਪ੍ਰਾਪਤ ਕਰਦੇ ਹਨ । ਸਿਖਾਂ ਦੀ ਇਹ ਇਛਿਆ ਹੈ ਕਿ ਇਹ ਦੇਸ਼ ਵਧ ਤੋਂ ਵਧ ਖੁਸ਼ਹਾਲ ਹੋਵੇ ਤੇ ਇਸ ਦੀ ਏਕਤਾ ਕਾਇਮ ਰਹੇ। ਜੇ ਇਹ ਏਕਤਾ ਦੇ ਹਾਮੀ ਨਾ ਹੁੰਦੇ ਤਾਂ ੧੯੪੭ ਵਿਚ ਹੀ ਅੰਗਰੇਜ਼ਾਂ ਤੇ ਜ਼ੋਰ ਦੇ ਕੇ ਅਤੇ ਦਬਾਓ ਪਾ ਕੇ ਇਸ ਦੇ ਦੋ ਨਹੀਂ, ਤਿੰਨ ਟੁਕੜੇ ਕਰਵਾ ਸਕਦੇ ਸਨ। ਜੇ ਫਿਰ ਵੀ ਕੋਈ ਸਿੱਖਾਂ ਦੀ ਦੇਸ਼-ਭਗਤੀ ਤੇ ਸ਼ਕ ਕਰੇ ਤਾਂ ਉਸ ਦੀ ਅਕਲ ਦਾ ਮਾਤਮ ਹੀ ਕੀਤਾ ਜਾ ਸਕਦਾ ਹੈ। ਸਿੱਖਾਂ ਦੀ ਮੰਗ ਕੇਵਲ ਇਹ ਹੈ ਕਿ ਪੰਡਤ ਜਵਾਹਰ ਲਾਲ ਨਹਿਰੂ ਨੇ ਸਿੱਖਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਪੂਰਾ ਕੀਤਾ ਜਾਏ। ਉਹ ਆਪਣੀਆਂ ਕੁਰਬਾਨੀਆਂ ਦੀ ਕੀਮਤ ਨਹੀਂ ਮੰਗਦੇ, ਉਹ ਆਪਣੀ ਮੇਹਨਤ ਨੂੰ ਕਿਸੇ ਤੇ ਅਹਿਸਾਨ ਨਹੀਂ ਸਮਝਦੇ। ਉਹ ਦੇਸ਼ ਦੇ ਨਵ-ਨਿਰਮਾਣ ਲਈ ਹੋਰ ਪਸੀਨਾ ਤੇ ਰਖਿਆ ਲਈ ਹੋਰ ਵੀ ਖੂਨ ਦੇਣ ਲਈ ਤਿਆਰ ਹਨ। ਸਿੱਖਾਂ ਨੂੰ ਅਫਸੋਸ ਤਾਂ ਇਸ ਗੱਲ ਦਾ ਹੈ ਕਿ ਜੋ ਕੁਝ ਪੰਡਤ ਨਹਿਰੂ ਨੇ ਕਿਹਾ, ਉਸ ਤੋਂ ਉਹਨਾਂ ਦੀ ਔਲਾਦ ਹੀ ਮੁਨਕਰ ਹੋ ਰਹੀ ਹੈ। ਇਸ ਦੁਖ ਦਾ ਪ੍ਰਗਟਾਵਾ ਉਹ ਵੱਖ ਵੱਖ ਰੂਪਾਂ ਵਿਚ ਕਰਦੇ ਹਨ ਤੇ ਜਦ ਪਾਣੀ ਸਿਰ ਤੋਂ ਪਾਰ ਹੋ ਜਾਂਦਾ ਹੈ ਤਾਂ ਉਨ੍ਹਾਂ ਨੂੰ ਮੋਰਚੇ ਵੀ ਲਗਾਉਣੇ ਪੈਂਦੇ ਹਨ। ਇਕ ਵਾਰ ਫਿਰ ਕੈਦ-ਓ-ਬੰਦ ਦੀਆਂ ਮੁਸੀਬਤਾਂ ਬਰਦਾਸ਼ਤ ਕਰਨੀਆਂ ਪੈਂਦੀਆਂ ਹਨ। ਇਸ ਲਈ ਹੀ ਅਸੀਂ ਕਹਿੰਦੇ ਹਾਂ ਕਿ ਸਿੱਖਾਂ ਦਾ ਭਵਿਖ ਇਸ ਦੇਸ਼ ਨਾਲ ਹੀ ਹੈ। ਜੇ ਸਿੱਖਾਂ ਨੂੰ ਭਾਰਤ ਵਿਚੋਂ ਮਨਫ਼ੀ ਕਰ ਦਿਤਾ ਜਾਏ ਤਾਂ ਫਿਰ ਇਹ ਦੇਸ਼ ਕੀ ਰਹਿ ਜਾਏਗਾ। ਮੈਡਮ ਪ੍ਰਧਾਨ ਮੰਤਰੀ ! ਸਿੱਖਾਂ ਦਾ ਸਭ ਕੁਝ ਦਾਓ ਤੇ ਲਗ ਚੁਕਿਆ ਹੈ ਅਤੇ ਉਹ ਭਾਰਤ ਯੂਨੀਅਨ ਦੇ ਅੰਦਰ ਇਕ ਅਜਿਹੀ ਫ਼ਜ਼ਾ ਵਿਚ ਸਾਹ ਲੈਣਾ ਚਾਹੁੰਦੇ ਹਨ ਜਿਥੇ ਉਹਨਾਂ ਦਾ ਦਮ ਨਾ ਘੁਟੇ। ਜਿਥੇ ਉਹਨਾਂ ਨਾਲ ਦੂਜੇ ਦਰਜੇ ਦੇ ਸ਼ਹਿਰੀ ਵਰਗਾ ਵਰਤਾਓ ਨਾ ਹੋਵੇ। ਇਨਸਾਫ਼ ਸਿੱਖਾਂ ਦਾ ਹੱਕ ਹੈ ਅਤੇ ਇਸ ਹੱਕ ਦੀ ਖ਼ਾਤਰ ਹੀ ਉਹ ਸੰਘਰਸ਼ ਕਰ ਰਹੇ ਹਨ। 'ਅਜੀਤ'—੨੦-੧੧-੮੨

## ਕੇਂਦਰ ਉਤੇ ਹਰਿਆਣਾ ਤੇ ਰਾਜਿਸਥਾਨ ਦਾ ਦਬਾਓ

### ਅਕਾਲੀਆਂ ਦਾ ਸੰਘਰਸ਼ 'ਬੰਦੂਕ ਦੀ ਨਾਲੀ' ਤੇ ਕਾਂਗਰਸੀ ਦਬਾਓ 'ਘਿਓ ਦੀਆਂ ਨਾਲਾਂ'

ਪ੍ਰਧਾਨ ਮੰਤਰੀ ਜੋ ਬੜੇ ਦਾਅਵੇ ਕਰਦੇ ਹਨ ਕਿ ਉਹ ਕਿਸੇ ਦੇ ਦਬਾਓ ਥਲੇ ਨਹੀਂ ਆਂਦੇ, ਹਰਿਆਣਾ ਤੇ ਰਾਜਿਸਥਾਨ ਦੇ ਮੁਖ ਮੰਤਰੀਆਂ ਦੇ ਦਬਾਓ ਥਲੇ ਆ ਗਏ ਤੇ ਜੋ ਫੈਸਲਾ ਅਕਾਲੀ ਲੀਡਰਾਂ ਨਾਲ ਕੀਤਾ ਗਿਆ ਸੀ, ਉਸ ਨੂੰ ਲਿਖਤੀ ਰੂਪ 'ਚ ਦਿਤੇ ਜਾਣ ਤੋਂ ਪਹਿਲਾਂ ਹੀ ਖਤਮ ਕਰ ਦਿਤਾ ਗਿਆ। ਅਜਿਹੀ ਹਾਲਤ ਵਿਚ ਜਦ ਸਰਕਾਰ ਕਦਮ ਕਦਮ ਤੇ ਮੁਨਕਰ ਹੋ ਰਹੀ ਹੋਵੇ ਤਾਂ ਅਕਾਲੀ ਲੀਡਰ ਸਰਕਾਰ ਤੇ ਇਤਬਾਰ ਕਰਨ ਤਾਂ ਕਿਸ ਤਰ੍ਹਾਂ ? ਇਸ ਲਈ ਕੈਪਟਨ ਅਮਰਿੰਦਰ ਸਿੰਘ ਨੇ ਜਦ ਸੰਤ ਲੌਂਗੋਵਾਲ ਨੂੰ ਇੰਦਰਾ ਗਾਂਧੀ ਵਲੋਂ ਕੁਝ ਪ੍ਰਾਈਵੇਟ ਭਰੋਸੇ ਦੇਣੇ ਚਾਹੇ ਤਾਂ ਸੰਤ ਜੀ ਨੇ ਉਹਨਾਂ ਨੂੰ ਇਹ ਕਹਿ ਕੇ ਰੱਦ ਕਰ ਦਿਤਾ ਕਿ ਸਰਕਾਰ ਨੇ ਅਕਾਲੀ


www.AKJ.Org

ਦਲ ਨਾਲ ਜੋ ਵਾਅਦੇ ਪਬਲਿਕ ਤੌਰ ਤੇ ਕੀਤੇ, ਉਨ੍ਹਾਂ ਤੇ ਵੀ ਕਈ ਵਾਰ ਅਮਲ ਰੁਕ ਜਾਂਦਾ ਹੈ ਤਾਂ ਪ੍ਰਾਈਵੇਟ ਵਾਅਦਿਆਂ ਦੀ ਕੀ ਹੈਸੀਅਤ ਹੈ। ਅਕਾਲੀ ਹੁਣ ਤਕ ਸ਼ਾਂਤੀਪੂਰਵਕ ਸੰਘਰਸ਼ ਕਰ ਰਹੇ ਹਨ। ਹਿੰਸਾ ਦੀ ਕਿਸੇ ਘਟਨਾ 'ਚ ਅਕਾਲੀ ਦਲ ਦਾ ਹੱਥ ਨਹੀਂ, ਜੋ ਕੁਝ ਵਾਰਦਾਤਾਂ ਹੋਈਆਂ, ਉਹਨਾਂ ਬਾਰੇ ਇਹ ਗਲ ਸਪਸ਼ਟ ਹੋ ਗਈ ਹੈ ਕਿ ਇਹਨਾਂ ਦਾ ਦਲ ਨਾਲ ਸਬੰਧ ਨਹੀਂ। ਅਕਾਲੀ ਮੋਰਚਾ ਬਿਲਕੁਲ ਸ਼ਾਂਤੀਪੂਰਵਕ ਹੈ ਪਰ ਫਿਰ ਵੀ ਇਸ ਨੂੰ ਬੰਦੂਕ ਦੀ ਨਾਲੀ ਕਿਹਾ ਜਾਂਦਾ ਹੈ। ਦੂਜੇ ਪਾਸੇ ਹਰਿਆਣਾ ਤੇ ਰਾਜਿਸਥਾਨ, ਖਾਸ ਤੌਰ ਤੇ ਹਰਿਆਣਾ ਦੇ ਮੁਖ ਮੰਤਰੀ ਸ੍ਰੀ ਭਜਨ ਲਾਲ ਭੜਕਾਹਟ ਭਰਪੂਰ ਬਿਆਨ ਦੇ ਰਹੇ ਹਨ, ਕੀ ਉਹ ਘਿਉ ਦੀਆਂ ਨਾਲਾਂ ਹਨ ? ਉਹਨਾਂ ਦਾ ਦਬਾਉ ਇੰਦਰਾ ਗਾਂਧੀ ਇਸ ਲਈ ਸਹਿਨ ਕਰਦੇ ਹਨ ਕਿ ਉਹਨਾਂ ਦੀ ਪਾਰਟੀ ਕਾਂਗਰਸ ਨਾਲ ਸਬੰਧਤ ਹੈਂ, ਤੇ ਉਹਨਾਂ ਨੂੰ ਉਸ ਸਮੇਂ ਵੀ ਨਹੀਂ ਪੁਛਿਆ ਜਾਂਦਾ ਜਦ ਹਰਿਆਣਾ ਤੋਂ ਲੰਘਣ ਵਾਲੇ ਹਰ ਸਿੱਖ ਦੀ ਇਸ ਤਰ੍ਹਾਂ ਤਲਾਸ਼ੀ ਲਈ ਜਾਂਦੀ ਹੈ ਜਿਵੇਂ ਕਿ ਸਿਖ ਜਰਾਇਮ ਪੇਸ਼ਾ ਹੋਣ। ਇਹ ਸਲੂਕ ਉਹਨਾਂ ਸਿੱਖਾਂ ਨਾਲ ਹੋ ਰਿਹਾ ਹੈ, ਜਿਹਨਾਂ ਨੇ ਦੇਸ਼ ਦੀ ਅਜ਼ਾਦੀ ਲਈ ਸਭ ਤੋਂ ਵਧ ਕੁਰਬਾਨੀਆਂ ਦਿਤੀਆਂ, ਜਿਨ੍ਹਾਂ ਨੇ ਦੇਸ਼ ਦੇ ਨਵ-ਨਿਰਮਾਣ ਵਿਚ ਸਭ ਤੋਂ ਵਧ ਹਿੱਸਾ ਪਾਇਆ ਅਤੇ ਦੇਸ਼ ਨੂੰ ਅੰਨ ਦਾ ਭੰਡਾਰ ਬਣਾਇਆ ਤੇ ਜਦ ਦੇਸ਼ ਦੀ ਰਖਿਆ ਲਈ ਖੂਨ ਦੇਣ ਦਾ ਸੁਆਲ ਆਇਆ ਤਾਂ ਸਭ ਤੋਂ ਵਧ ਖੂਨ ਵੀ ਉਹਨਾਂ ਨੇ ਹੀ ਦਿਤਾ। ਸਿਖਾਂ ਨਾਲ ਇਸ ਤਰ੍ਹਾਂ ਦਾ ਵਰਤਾਉ ਕਰਨ ਵਾਲੇ ਮੁਖ ਮੰਤਰੀ ਪਾਸੋਂ ਕੀ ਇੰਦਰਾ ਗਾਂਧੀ ਨੇ ਪੁਛਿਆ ਕਿ ਉਸ ਦੇ ਮੂੰਹ ਵਿਚ ਕਿੰਨੇ ਦੰਦ ਹਨ। ਉਹਨਾਂ ਨੇ ਜਦ ਦਬਾਓ ਪਾਇਆ ਤਾਂ ਉਹ ਠੀਕ ਅਤੇ ਅਕਾਲੀ ਦਲ ਜੇ ਮੰਗਾਂ ਮੰਨਵਾਣ ਲਈ ਸ਼ਾਂਤੀ ਪੂਰਵਕ ਸੰਘਰਸ਼ ਕਰੇ ਤਾਂ ਉਹ ਭੈੜਾ। ਇਸ ਫ਼ਰਕ ਨੇ ਹੀ ਇਹ ਤੁਫਰਕਾ ਪੈਦਾ ਕੀਤਾ ਹੈ। ਜੇ ਸਿਖ ਇਹ ਸੋਚਣ ਕਿ ਉਹਨਾਂ ਨਾਲ ਦੇਸ਼ ਵਿਚ ਦੂਜੇ ਦਰਜੇ ਦੇ ਸ਼ਹਿਰੀਆਂ ਵਰਗਾ ਸਲੂਕ ਹੋ ਰਿਹਾ ਹੈ ਤਾਂ ਉਹਨਾਂ ਦੀ ਇਹ ਸੋਚਣੀ ਗਲਤ ਕਿਵੇਂ ਹੋ ਗਈ।--ਸਿਖਾਂ ਨੇ ਦੇਸ਼ 'ਚ ਬਦਅਮਨੀ ਪੈਦਾ ਕਰਨ ਦਾ ਕਦੀ ਯਤਨ ਨਹੀਂ ਕੀਤਾ ਕਿਉਂਕਿ ਉਹਨਾਂ ਦਾ ਭਵਿਖ ਤਾਂ ਇਸ ਦੇਸ਼ ਨਾਲ ਹੀ ਜੁੜਿਆ ਹੋਇਆ ਹੈ। ਫਿਰ ਵੀ ਉਨ੍ਹਾਂ ਤੇ ਦੋਸ਼ ਧਰੇ ਜਾਂਦੇ ਹਨ। ਜਿਥੋਂ ਤਕ ਅਕਾਲੀ ਮੋਰਚੇ ਦਾ ਸਬੰਧ ਹੈ, ਸਰਕਾਰ ਨੇ ਵੇਖ ਲਿਆ ਹੋਣਾ ਹੈ ਕਿ ਇਹ ਕਾਮਯਾਬ ਰਿਹਾ ਹੈ। ਕੌਮ ਨੇ ਅਕਾਲੀ ਦਲ ਦਾ ਸਾਥ ਦਿਤਾ ਹੈ ਤੇ ਇਹ ਸਾਥ ਇਸ ਲਈ ਹੀ ਦਿਤਾ ਕਿ ਸਿਖ ਇਹ ਸਮਝਦੇ ਹਨ, ਕਿ ਅਕਾਲੀ ਦਲ ਉਹਨਾਂ ਦੇ ਹਿਤਾਂ ਦੀ ਪੂਰੀ ਤਰ੍ਹਾਂ ਰਖਿਆ ਕਰੇਗਾ। ਇੰਜ ਜਾਪਦਾ ਹੈ ਕਿ ਸਰਕਾਰ ਤਾਂ ਇਸ ਮਸਲੇ ਨੂੰ ਹਲ ਕਰਨ ਦੀ ਥਾਂ ਲਟਕਾਉਣਾ ਚਾਹੁੰਦੀ ਹੈ। ਇਸ ਤਰ੍ਹਾਂ ਦੇ ਮਸਲੇ ਦਲੇਰੀ ਨਾਲ ਹਲ ਹੁੰਦੇ ਹਨ ਅਤੇ ਇਸ ਦਲੇਰੀ ਦਾ ਵਿਖਾਵਾ ਇੰਦਰਾ ਗਾਂਧੀ ਨੂੰ ਹੀ ਕਰਨਾ ਹੋਵੇਗਾ, ਕਿਉਂਕਿ ਮੰਗਾਂ ਮੰਨਣੀਆਂ ਉਹਨਾਂ ਦੇ ਹੱਥਾਂ ਵਿਚ ਹਨ। ਜੇ ਉਹ ਜ਼ਰਾ ਸਖ਼ਤ ਵਤੀਰਾ ਅਪਨਾਉਣ ਤਾਂ ਹਰਿਆਣਾ ਅਤੇ ਰਾਜਸਥਾਨ ਦੇ ਮੁਖ ਮੰਤਰੀਆਂ ਦੀ ਕੀ ਮਜਾਲ ਹੈ ਕਿ ਉਹ ਉਹਨਾਂ ਦੇ ਕਹਿਣ ਤੋਂ ਬਾਹਰ ਜਾ ਸਕਣ। ਇਹ ਲੋਕ ਇੰਦਰਾ ਦੇ ਰਹਿਮ ਕਰਮ ਤੇ ਹਨ। ਇੰਦਰਾ ਤਾਂ ਇਹਨਾਂ ਤੇ ਨਿਰਭਰ ਨਹੀਂ ਕਰਦੇ। ਜਦ ਇੰਦਰਾ ਗਾਂਧੀ 'ਦਲੇਰੀ' ਦਾ ਵਿਖਾਵਾ ਨਹੀਂ ਕਰਨਗੇ, ਇਹ ਮਾਮਲਾ ਕਿਸ ਤਰ੍ਹਾਂ ਹਲ ਹੋ ਸਕਦਾ ਹੈ ? ਅਜੀਤ ੨੪-੧੧-੮੨

## *ਸਿਖਾਂ ਨੂੰ ਦਿਲੀ ਜਾਣੋਂ ਰੋਕਣਾ ਇਕ ਭੈੜੀ ਮਿਸਾਲ*

### ਚੀਫ ਖਾਲਸਾ ਦੀਵਾਨ ਵਲੋਂ ਕੇਂਦਰ ਤੇ ਰਾਜ ਸਰਕਾਰਾਂ ਦੀ ਨਿੰਦਾ

ਅੰਮ੍ਰਿਤਸਰ,੨੩ ਨਵੰਬਰ—ਚੀਫ ਖਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ: ਸੰਤ ਸਿੰਘ ਨੇ ਇਕ ਬਿਆਨ ਵਿਚ ਸਿਖਾਂ ਨੂੰ ਦਿਲੀ ਵਿਚ ਆਪਣੀਆਂ ਮੰਗਾਂ ਦੇ ਹੱਕ ਵਿਚ ਸ਼ਾਂਤੀ ਪੂਰਵਕ ਪ੍ਰਦਰਸ਼ਨ ਵਿਚ ਸ਼ਾਮਲ ਹੋਣ ਤੋਂ ਰੋਕਣ ਲਈ ਵਖ ਵਖ ਰਾਜਾਂ ਵਲੋਂ ਦਿਲੀ ਵਲ ਜਾਣ ਵਾਲੀਆਂ ਸੜਕਾਂ ਦੀ ਨਾਕਾਬੰਦੀ ਕਰਨ ਦੀ ਨਿੰਦਾ ਕੀਤੀ ਅਤੇ ਕਿਹਾ ਹੈ ਕਿ ਕੌਮੀ ਮੁਖ ਮਾਰਗਾਂ ਦੀ ਸੰਭਵਤਾ ਕੇਂਦਰੀ ਸਰਕਾਰ ਦੀਆਂ ਹਿਦੈਤਾਂ ਤੇ ਨਾਕਾਬੰਦੀ ਕਰਕੇ ਇਕ ਭੈੜੀ ਉਦਾਹਰਣ ਪੇਸ਼ ਕੀਤੀ। ਕਾਂਗਰਸ ਜਾਂ ਹੋਰ ਪੁਲੀਟੀਕਲ ਪਾਰਟੀਆਂ ਲਈ ਸ਼ਾਂਤੀ ਪੂਰਵਕ ਸਤਿਆਗ੍ਰਹਿ ਕਾਨੂੰਨੀ ਸਮਝੇ ਜਾਂਦੇ ਹਨ। ਕਾਂਗਰਸ ਸਰਕਾਰ ਨੈਤਿਕ ਪਖੋਂ ਕਿਸੇ ਕੌਮ ਨੂੰ ਆਪਣੀਆਂ ਸ਼ਿਕਾਇਤਾਂ ਥਖੋਂ ਹੋ ਰਹੇ


www.AKJ.org

ਵਿਤਕਰੇ ਵਿਰੁਧ ਅਵਾਜ਼ ਨੂੰ ਦਬਾ ਨਹੀਂ ਸਕਦੀ। ਕੇਂਦਰ ਅਤੇ ਰਾਜ ਸ੍ਰਕਾਰਾਂ ਦੇ ਹਥਕੰਡਿਆਂ ਕਾਰਨ ਅਕਾਲੀ ਮੰਗਾਂ ਪ੍ਰਵਾਨ ਕਰਨ ਵਿਚ ਦੇਰ ਹੋ ਸਕਦੀ ਹੈ ਪਰ ਇਹਨਾਂ ਦੀ ਅਵਾਜ਼ ਅਤੇ ਭਾਵਨਾ ਨੂੰ ਦਬਾ ਨਹੀਂ ਸਕਦੀ। ਸ: ਸੰਤ ਸਿੰਘ ਨੇ ਸ: ਗੁਰਚਰਨ ਸਿੰਘ ਟੋਹੜਾ ਦੇ ਡਰਾਮਾਈ ਢੰਗ ਨਾਲ ਦਿਲੀ ਪਹੁੰਚਣਾ ਤੇ ਟਿਪਣੀ ਕਰਦਿਆਂ ਕਿਹਾ ਕਿ ਇਸ ਤੋਂ ਪਤਾ ਲਗਦਾ ਹੈ ਕਿ ਸਿਖਾਂ ਨੂੰ ਕਿੰਨੀ ਕਠਨਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਹਨਾਂ ਨੇ ਕੁਰਬਾਨੀਆਂ ਕਰਨ ਦਾ ਸੰਕਲਪ ਕਰ ਰਖਿਆ ਹੈ। ਰੇਲ ਅਤੇ ਸੜਕ ਰਾਹੀਂ ਸਫਰ ਕਰਦੇ ਸਿਖਾਂ ਦੀਆਂ ਤਲਾਸ਼ੀਆਂ ਲੈਣ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਸਾਰੇ ਸਿਖਾਂ ਨੂੰ ਅਪਰਾਧੀ ਸਮਝਿਆ ਜਾਂਦਾ ਹੈ। ਇਸ ਪ੍ਰਕਾਰ ਸਿਖਾਂ ਨੂੰ ਇਕ ਸੁਤੰਤਰ ਨਾਗਰਿਕ ਵਜੋਂ ਬੁਨਿਆਦੀ ਅਧਿਕਾਰ ਦੇਣ ਤੋਂ ਵੀ ਇਨਕਾਰ ਕੀਤਾ ਜਾ ਰਿਹਾ ਹੈ। ਅਜੀਤ ੨੪-੧੧-੮੨

### *ਮੋਗਾ ਨੇੜੇ ਇਸ਼ਤਿਹਾਰੀ ਮੁਲਜ਼ਮ*

## ਭੋਲਾ ਸਿੰਘ, ਕਸ਼ਮੀਰ ਸਿੰਘ ਪੁਲਿਸ-ਮੁਕਾਬਲੇ ਵਿਚ ਹਲਾਕ

### ਸੰਤ ਲੌਂਗੋਵਾਲ–ਪੁਲਿਸ-ਮੁਕਾਬਲਾ ਜਾਅਲੀ

ਚੰਡੀਗੜ੍ਹ, ੧੯ ਨਵੰਬਰ—(ਯੂ. ਐਨ. ਆਈ., ਪੀ. ਟੀ. ਆਈ., ਪਤਰ ਪਰੇਰਕ) ਕਲ੍ਹ ਸਵੇਰੇ ਮੋਗਾ ਨੇੜੇ ਪੁਲਿਸ ਨਾਲ ਇਕ ਝੜਪ ਵਿਚ ਭੋਲਾ ਸਿੰਘ ਅਤੇ ਕਸ਼ਮੀਰਾ ਸਿੰਘ ਦੇ ਮਾਰੇ ਜਾਣ ਦੀ ਸੂਚਨਾ ਮਿਲੀ ਹੈ। ਦਸਿਆ ਗਿਆ ਹੈ ਕਿ ਭੋਲਾ ਸਿੰਘ ਨਿਰੰਕਾਰੀ ਮੁਖੀ ਕਤਲ ਕੇਸ ਵਿਚ ਇਸ਼ਤਿਹਾਰੀ ਮੁਲਜ਼ਮ ਸੀ। ਦੋਵੇਂ ਇਸੇ ਸਾਲ ਹੋਏ ਮੋਗਾ ਬੰਬ ਕਾਂਡ, ਜਿਸ ਵਿਚ ੨ ਵਿਅਕਤੀ ਮਾਰੇ ਗਏ ਸਨ, ਵਿਚ ਦੋਸ਼ੀ ਦਸੇ ਜਾਂਦੇ ਹਨ। ਰਾਜ ਵਿਚ ਹੋਏ ਵਖ ਵਖ ਧਮਾਕਿਆਂ ਵਿਚ ਵੀ ਭੋਲਾ ਸਿੰਘ ਪੁਲਿਸੀ ਨੂੰ ਲੋੜੀਂਦਾ ਸੀ।............

ਇਸ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦੋ ਨਿਰਦੋਸ਼ ਸਿਖ ਨੌਜਵਾਨਾਂ ਕਸ਼ਮੀਰ ਸਿੰਘ ਮੁਕਤਸਰ ਤੇ ਭੋਲਾ ਸਿੰਘ ਨੂੰ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰਨ ਦੀ ਸਖਤ ਨਿਖੇਧੀ ਕੀਤੀ ਹੈ। ਆਪਣੇ ਇਕ ਬਿਆਨ 'ਚ ਉਹਨਾਂ ਕਿਹਾ ਕਿ ਜੇ ਕੋਈ ਕਸੂਰਵਾਰ ਹੋਵੇ ਤਾਂ ਉਸ ਨੂੰ ਕਾਨੂੰਨ ਅਨੁਸਾਰ ਸਜ਼ਾ ਮਿਲਣੀ ਚਾਹੀਦੀ ਹੈ। ਪੁਲਿਸ ਨੂੰ ਕੋਈ ਹੱਕ ਨਹੀਂ ਕਿ ਬਿਨਾਂ ਦੋਸ਼ ਸਾਬਤ ਕੀਤੇ, ਨੌਜਵਾਨਾਂ ਨੂੰ ਗਲੀਆਂ ਨਾਲ ਉਡਾ ਦੇਵੇ। ਉਹਨਾਂ ਕਿਹਾ ਇਸ ਸਮੇਂ ਪੰਜਾਬ ਵਿਚ ਅਮਨ ਅਮਾਨ ਨਾਂ ਦੀ ਕੋਈ ਚੀਜ਼ ਨਹੀਂ ਤੇ ਮੁਕੰਮਲ ਪੁਲੀਸ ਰਾਜ ਹੈ। ਬਿਨਾਂ ਦਲੀਲ, ਅਪੀਲ, ਵਕੀਲ ਸੁਣਿਆਂ ਲੋਕਾਂ ਦੇ ਖੂਨ ਨਾਲ ਹੋਲੀ ਖੇਡੀ ਜਾ ਰਹੀ ਹੈ। ਸੰਤ ਲੌਂਗੋਵਾਲ ਨੇ ਘਟਨਾ ਦੀ ਉਚ ਪਧਰੀ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ।

---

## ਪਿੰਡ ਡੇਹਲੋਂ ਵਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ

ਲੁਧਿਆਣਾ,੨੨ ਨਵੰਬਰ–ਸਥਾਨਕ ਗੁਰਦੁਆਰਾ ਕਲਗੀਧਰ ਸਿੰਘ ਸਭਾ ਵਿਖੇ ਸਜੇ ਦੀਵਾਨ ਵਿਚ ਇਹ ਖ਼ਬਰ ਸੁਣਾਈ ਗਈ ਕਿ ਥਾਣਾ ਡੇਹਲੋਂ ਦੇ ਪਿੰਡ ਖਟੜਾ ਵਿਚ ਕਿਸੇ ਸ਼ਰਾਰਤੀ ਤੇ ਦੋਖੀ ਨੇ ਸਥਾਨਕ ਗੁਰਦੁਆਰੇ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਚੁਕ ਕੇ, ਬਾਹਰ ਜਾ ਕੇ ਰੂੜੀ ਵਿਚ ਦਬ ਦਿਤੀ। ਇਸ ਨਾਲ ਸਾਰੇ ਪਿੰਡ ਤੇ ਆਸ ਪਾਸ ਦੀਆਂ ਸਿਖ ਸੰਗਤਾਂ ਵਿਚ ਗੁੱਸੇ ਦੀ ਲਹਿਰ ਫੈਲ ਗਈ। ਦੀਵਾਨ ਵਿਚ ਸਰਕਾਰ ਤੇ ਇਹ ਦੋਸ਼ ਲਾਇਆ ਗਿਆ ਕਿ ਉਹ ਜਾਣ ਬੁਝ ਕੇ ਸਿਖੀ, ਸਿਖ ਧਰਮ ਤੇ ਸਿਖਾਂ ਦੇ ਪਵਿਤਰ ਗ੍ਰੰਥ ਦਾ ਅਪਮਾਨ ਕਰਨ ਵਾਲੀਆਂ ਘਟਨਾਵਾਂ ਕਰਾਉਂਦੀ ਹੈ। ਦਸਿਆ ਗਿਆ ਕਿ ਥਾਣਾ ਡੇਹਲੋਂ ਵਿਚ ਧਾਰਾ ੨੯੨ ਅਧੀਨ ਕੇਸ ਦਰਜ ਕਰ ਕੇ ਪੁਲਿਸ ਨੇ ਜਾਂਚ ਅਰੰਭ ਦਿਤੀ ਹੈ। ਅਜੀਤ, ੨੩ ਨਵੰਬਰ ੧੯੮੨

---

ਪਿੰਡ ਦਲਏ ਗੁਰਦਵਾਰਾ ਫਲਾਹੀ ਸਾਹਿਬ ਪਾ: ਦਸਵੀਂ ਵਿਖੇ ੪ ਦਸੰਬਰ ਸ਼ਨੀਵਾਰ ਰਾਤ ਨੂੰ ਮਾਸਕ ਰੈਣ ਸਬਾਈ ਕੀਰਤਨ ਹੋਣਗੇ। ਦਾਸਰਾ ਸਤਵੰਤ ਸਿੰਘ (ਮਾਸਟਰ)

---

**1983 ਜੰਤਰੀ ਲਈ ਧੰਨਵਾਦ**—ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ ਨੇ ਸਾਰੇ ਪਾਠਕਾਂ ਲਈ 3700 ਜੰਤਰੀ ਬਾਹਰਲੇ ਟਾਈਟਲ ਸਮੇਤ ਪ੍ਰੇਮ-ਭੇਟਾ ਦਿਤੀ ਹੈ। ਧੰਨਵਾਦ !

www.AKJ.Org

## ਪਾਰੋਵਾਲ (ਗੁਰਦਾਸਪੁਰ) ਵਿਖੇ ਸਾਲਾਨਾ ਗੁਰਮਤਿ ਸਮਾਗਮ

ਭਾਈ ਅਵਤਾਰ ਸਿੰਘ ਜੀ ਦੇ ਗ੍ਰਹਿ ਪਾਰੋਵਾਲ ਵਿਖੇ ੩੧ ਦਸੰਬਰ ਨੂੰ ਸਵੇਰੇ ਅਖੰਡਪਾਠ ਰਖੇ ਜਾਣਗੇ, ਪਹਿਲੀ ਜਨਵਰੀ ਨੂੰ ਸਵੇਰੇ ਗੁਰਦਵਾਰਾ ਸ਼ਾਹਿਬ ਵਿਖੇ ਆਸਾ ਦੀ ਵਾਰ ਦ ਕੀਰਤਨ ੪ ਤੋਂ ੭ ਤਕ ਹੋਣਗੇ ਅਤੇ ੨ ਜਨਵਰੀ ਨੂੰ ਗ੍ਰਹਿ ਵਿਖੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਸਵੇਰੇ ੫ ਤੋਂ ੧੧ ਤਕ ਅਖੰਡ ਕੀਰਤਨ ਹੋਣਗੇ। ਲੰਗਰ ਦਾ ਪਰਬੰਧ ਗ੍ਰਹਿ ਵਿਖੇ ਹੀ ਹੋਵੇਗਾ। ਪਹਿਲੀ ਜਨਵਰੀ ਸ਼ਾਮ ੬ ਵਜੇ ੨-ਅਜੀਤ ਨਗਰ ਅੰਮ੍ਰਿਤਸਰ ਤੋਂ ਸੰਗਤਾਂ ਨੂੰ ਪਾਰੋਵਾਲ ਲਿਜਾਣ ਲਈ ਬਸ ਚਲੇਗੀ। ਬਸ ਸਟੈਂਡ ਅੰਮ੍ਰਿਤਸਰ ਤੋਂ ਆਖਰੀ ਬਸ ਸ਼ਾਮ ੫ ਵਜੇ ਚਲਦੀ ਹੈ।

---

# ਸੂਰਾ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ੩੩ ਮੈਂਬਰਾਂ ਵਲੋਂ ਡੇਢ ਡੇਢ ਸੌ ਰੁਪਏ ਪੁੱਜੇ ਹਨ। ਸਭ ਦੀ ਬੈਂਕ ਤੋਂ ਬਣਾਈ ਗਈ ਸਾਂਝੀ ਐਫ. ਡੀ. ਦਾ ਨੰਬਰ ਇਸ ਪ੍ਰਕਾਰ ਹੈ :—੩੪੬੦੩੯/੬੫੨/੮੨ ਮਿਤੀ ੨੫-੧੧-੮੨ ਤੋਂ ੨੫-੧੧-੮੫, ਰਕਮ ੪੯੫੦/—ਰੁਪਏ। ਸ: ਪਰਮਿੰਦਰ ਸਿੰਘ XEN ਪਠਾਨਕੋਟ ੬੦੬੦, ਸ: ਇੰਦਰਮੋਹਨ ਸਿੰਘ ੬੦੬੧, ਸ: ਹਰਭਜਨ ਸਿੰਘ ਦੇਵਿੰਦਰ ਕੌਰ ਸੇਠੀ ੬੦੬੨, ਸ: ਹੀਰਾ ਸਿੰਘ ਤਲਵੰਡੀ ਡਡੀਆਂ ੬੦੬੩, ਸੂਬੇਦਾਰ ਹਾਕਮ ਸਿੰਘ ੬੦੬੪, ਸ: ਹਰਦੀਪ ਸਿੰਘ ਅਹਿਮਦਾਬਾਦ ੬੦੬੫, ਸ: ਸਤਪਾਲ ਸਿੰਘ ਜਬਲਪੁਰ ੬੦੬੬, ਸ: ਦਲਜੀਤ ਸਿੰਘ ਜਬਲਪੁਰ ੬੦੬੭, ਸ: ਗੁਰਬਚਨ ਸਿੰਘ ਚੰਦ ਖੇੜਾ ੬੦੬੮, ਸ: ਗੁਰਬਚਨ ਸਿੰਘ ਦਿੱਲੀ ੬੦੬੯, ਸ: ਕੁਲਵੰਤ ਸਿੰਘ ਬਰੇਲੀ ੬੦੭੦, ਸ: ਪ੍ਰਿਥੀਪਾਲ ਸਿੰਘ ਦਿਲੀ ੬੦੭੧, ਸ: ਮਹਿੰਦਰ ਸਿੰਘ ਨਵੀਂ ਦਿਲੀ ੬੦੭੨, ਸ: ਬਲਬੀਰ ਸਿੰਘ ਦਿਲੀ ਛਾ: ੬੦੭੩, ਸ: ਅਵਤਾਰ ਸਿੰਘ ਨਵੀਂ ਦਿਲੀ ੬੦੭੪, ਸ: ਜਸਪਾਲ ਸਿੰਘ ਨਵੀਂ ਦਿਲੀ ੬੦੭੫, ਸ: ਅਮਰਜੀਤ ਸਿੰਘ ਨਵੀਂ ਦਿਲੀ ੬੦੭੬, ਜੀ. ਐਸ. ਸੋਹਲ ੬੦੭੭, ਸ: ਬ੍ਰਿਕਰਮ ਸਿੰਘ ਆਗਰਾ ਛਾ: ੬੦੭੮, ਸ: ਅਵਤਾਰ ਸਿੰਘ ਕੋਟਾ ੬੦੭੯, ਸ: ਸੋਹਣ ਸਿੰਘ ਨਵੀਂ ਦਿਲੀ ੬੦੮੦, ਸ: ਮਹਾਂ ਸਿੰਘ ਭੁਪਾਲ ੬੦੮੧, ਸ: ਜੋਗਿੰਦਰਪਾਲ ਸਿੰਘ ਨਵੀਂ ਦਿਲੀ ੬੦੮੨, ਸ: ਰਾਜਿੰਦਰ ਸਿੰਘ ਨਵੀਂ ਦਿਲੀ ੬੦੮੩, ਸ: ਜਗਦੀਸ਼ ਸਿੰਘ ਟੀ. ਟੀ. ਆਈ. ੬੦੮੪, ਸ: ਸੁਰਿੰਦਰ ਸਿੰਘ ਕਾਨਪੁਰ ੬੦੮੫, ਸ: ਗੁਰਮੀਤ ਸਿੰਘ ਅੰਬਾਲਾ ਸ਼ਹਿਰ ੬੦੮੬, ਸ: ਮਖਣ ਸਿੰਘ ਅੰਮ੍ਰਿਤਸਰ ੬੦੮੭, ਸੂਬੇਦਾਰ ਗੁਰਬੰਤ ਸਿੰਘ ੬੦੮੮, ਸ: ਸ਼ਿੰਗਾਰਾ ਸਿੰਘ ਬੋਪਾਰਾਏ ੬੦੮੯, ਸ: ਕੁਲਵਿੰਦਰ ਸਿੰਘ ਸਪੁਤਰ ਐਮ. ਐਸ. ਮਿਲਖੂ ੬੦੯੦, ਸ: ਲਛਮਣ ਸਿੰਘ ਜਲੰਧਰ ੬੦੯੧, ਸ: ਆਤਮਾ ਸਿੰਘ ਜਲੰਧਰ ੬੦੯੨।

# ਸੂਰਾ ਦੇ ਪੁਰਾਣੇ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ੭੮ ਪੁਰਾਣੇ ਅਮਾਨਤੀ ਲਾਈਫ ਮੈਂਬਰਾਂ ਵਲੋਂ ਪੰਜਾਹ ਪੰਜਾਹ ਰੁਪਏ ਪੁਜੇ ਹਨ। ਸਭ ਦੀ ਸਾਂਝੀ ਐਫ. ਡੀ. ਦਾ ਨੰਬਰ ਇਹ ਹੈ। ੩੪੬੦੩੮/੬੫੧/੮੨ ਮਿਤੀ ੨੫-੧੧-੮੨ ਤੋਂ ੨੫-੧੧-੮੫, ਰਕਮ ੩੯੦੦/—ਰੁਪਏ।

ਸ: ਮਨੀ ਸਿੰਘ ੩੦੨੭, ਸ: ਸਤਨਾਮ ਸਿੰਘ ੩੦੨੯, ਸ: ਚਰਨਜੀਤ ਸਿੰਘ ੩੦੩੧, ਮੇ: ਮਨਮੋਹਨ ਸਿੰਘ ਪ੍ਰੇਮ ਸਿੰਘ ੩੦੩੨, ਸ: ਸੁਰਿੰਦਰਪਾਲ ਸਿੰਘ ੩੦੩੩, ਸ: ਹਰਨਾਮ ਸਿੰਘ ੩੦੪੯, ਸ: ਇੰਦਰਜੀਤ ਸਿੰਘ ਠੁਕਰਾਲ ੩੦੫੨, ਮੇ: ਨਿਰੰਜਨ ਸਿੰਘ ਪ੍ਰੇਮ ਸਿੰਘ ੩੦੭੬, ਗਿ: ਦਾਤਾਰ ਸਿੰਘ ਹਰਜੀਤ ਸਿੰਘ ੩੦੮੮, ਸ: ਹਰਚਰਨ ਸਿੰਘ ੩੦੯੮, ਏ.ਐਸ. ਧੱਤ ੩੧੦੫, ਗਿ: ਮਨਮੋਹਨ ਸਿੰਘ ਛਤਵਾਲ ੩੧੨੨, ਸ: ਭੁਪਿੰਦਰ ਸਿੰਘ ਸੇਠੀ ੩੧੯੦, ਸੂਬੇਦਾਰ ਗੁਰਬਚਨ ਸਿੰਘ ੩੨੪੭, ਸ: ਅਮਰਜੀਤ ਸਿੰਘ ੩੨੫੨, ਸ: ਬਚਨ ਸਿੰਘ ੩੨੫੭, ਸ: ਹਰਭਜਨ ਸਿੰਘ ੩੨੬੮, ਸ: ਜਸਬੀਰ ਸਿੰਘ ੩੨੬੯, Cdr. ਪ੍ਰਿਤਪਾਲ ਸਿੰਘ ੩੨੭੧, ਸ: ਗੁਰਬਖਸ਼ ਸਿੰਘ ੩੨੮੯, ਸ: ਹਰਭਜਨ ਸਿੰਘ ੩੨੯੧, ਸ: ਕੁਲਦੀਪ ਸਿੰਘ ੩੨੯੮, ਸ: ਇਕਬਾਲ ਸਿੰਘ ੩੩੦੪, S.I. ਸਰਵਨ ਸਿੰਘ ਸਿਧੂ ੩੩੬੫, ਬੀਬੀ ਇਕਬਾਲ ਕੌਰ ੩੩੬੮, ਸ: ਮਨਜੀਤ ਸਿੰਘ ੩੩੯੧, ਸ: ਰੰਜੀਤ ਸਿੰਘ ਅਮਰਜੀਤ ਸਿੰਘ ੩੪੨੨, ਸ: ਬਲਦੇਵ ਸਿੰਘ ੩੪੩੦, ਸ: ਜਸਵੰਤ ਸਿੰਘ ੩੪੩੧, ਬੀਬੀ ਉਪਕਾਰ ਕੌਰ ੩੪੩੨, ਗਿ: ਕਿਰਪਾਲ ਸਿੰਘ ੩੪੪੧, ਭਾ: ਪ੍ਰੀਤਮ ਸਿੰਘ ੩੪੮੬, ਸ: ਪ੍ਰਿਥੀਪਾਲ ਸਿੰਘ ੩੫੦੦, ਮੇਜਰ ਮਨੋਹਰ ਸਿੰਘ ੩੫੦੩, ਸ: ਗੁਰਦੇਵ ਸਿੰਘ ੩੫੦੪, ਸ: ਪਰਤਾਪ ਸਿੰਘ ਤੇਜ ਕੌਰ ੩੫੦੭, ਸ: ਹਰਮਹਿੰਦਰ ਸਿੰਘ ੩੫੧੪, ਸਕੱਤਰ ਗੁਰੂ ਨਾਨਕ ਲਾਇਬ੍ਰੇਰੀ ੩੫੨੪, ਸ: ਗੁਰਬਿੰਦਰ ਸਿੰਘ ੩੫੩੧, ਸ: ਤਰਲੋਚਨ ਸਿੰਘ ੩੫੩੨, ਸ: ਤੇਜਿੰਦਰ ਸਿੰਘ ਨਵਤੇਜ ੩੫੩੬, ਸ: ਸਰੂਪ ਸਿੰਘ ਸਰਵੇਅਰ ੩੫੪੩, ਸ: ਹਰਦੇਵ ਸਿੰਘ ਗੁਜਰਾਲ ੩੫੫੯, ਸ: ਸੁਰਿੰਦਰਜੀਤ ਸਿੰਘ ੩੫੬੦, ਸ: ਬਹਾਦਰ ਸਿੰਘ ੩੫੬੪, ਸ: ਮਨੋਹਰ ਸਿੰਘ ਅਨੰਦ ੩੫੬੯, ਸ: ਅਵਤਾਰ ਸਿੰਘ ਮਠਾਰੂ ੩੬੦੮, ਸ: ਜਸਬੀਰ ਸਿੰਘ ੩੬੧੨, ਸ: ਵਰਯਾਮ ਸਿੰਘ ੩੬੨੯, ਭਾ: ਤਰਲੋਚਨ ਸਿੰਘ ੩੬੩੭, ਮਿਸ ਸੁਖਵਿੰਦਰ ਕੌਰ ੩੬੪੦, ਬੀਬੀ ਚੰਨਣ ਕੌਰ ੩੬੭੭, ਸ: ਗੋਪਾਲ ਸਿੰਘ ਮਨਜੀਤ ਸਿੰਘ ੩੬੯੭, ਸ: ਜਗਜੀਵਨ ਸਿੰਘ ੩੬੯੮, ਬੀਬੀ ਵਰਯਾਮ ਕੌਰ ਅਨੂਪਿੰਦਰ ਸਿੰਘ ੩੭੦੨, ਸ: ਇਕਬਾਲ ਸਿੰਘ ੩੭੦੩, ਸ: ਹਰਬੰਸ ਸਿੰਘ ੩੭੦੫, ਸ: ਹਰਜੀਤ ਸਿੰਘ ੩੭੦੮, ਸ: ਚਰਨਜੀਤ ਸਿੰਘ ੩੭੧੦, ਸ: ਉਜਾਗਰ ਸਿੰਘ ੩੭੧੩, ਸ: ਸੁਖਜਿੰਦਰ ਸਿੰਘ ਫਲੋਰਾ ੩੭੪੦, ਸ: ਰੇਸ਼ਮ ਸਿੰਘ ਮਠਾਰੂ ੩੭੪੧, ਸ: ਜਸਬੀਰ ਸਿੰਘ ੩੮੦੮, ਭਾ: ਪਰਮਜੀਤ ਸਿੰਘ ੩੮੧੦, ਸ: ਸਤਵੰਤ ਸਿੰਘ ੩੮੬੩, ਸ: ਰਾਮ ਸਿੰਘ ਬਾਲੀ ੩੮੬੯, ਭਾ: ਜੋਧ ਸਿੰਘ ੩੮੭੧, ਸ: ਸੁਖਵਿੰਦਰ ਸਿੰਘ ੩ ੭੨, ਬੀਬੀ ਹਰਬੰਸ ਕੌਰ ੩੮੮੧, ਗੁਰਦਵਾਰਾ ਸਾਹਿਬ ੨੫੨ ਸਿਗਨਲ ੩੮੯੧, ਸ: ਗੁਰਚਰਨ ਸਿੰਘ ੩੯੦੧, Lt. Com. ਐਸ. ਐਸ. ਗੋਇੰਦੀ ੩੯੦੫, ਸ: ਗਜਿੰਦਰ ਸਿੰਘ ੩੯੦੬, ਸ: ਸਵਿੰਦਰ ਸਿੰਘ ਕਪੂਰ ੩੯੧੧, ਸ: ਗਿਆਨ ਸਿੰਘ ੩੯੧੫, ਸ: ਜਗਦੀਸ਼ ਸਿੰਘ ੩੯੧੮, ਸ: ਨਰਿੰਦਰਪਾਲ ਸਿੰਘ ੩੯੨੧, ਸ: ਇੰਦਰ ਸਿੰਘ ੩੯੨੫।

www.AKJ.Org

# ਭਾ: ਸਾ: ਰਣਧੀਰ ਸਿੰਘ ਸਕਾਲਰਸ਼ਿਪ ਸਕੀਮ

ਭਾ: ਸਾ: ਰਣਧੀਰ ਸਿੰਘ ਜੀ ਨੇ ਆਪਣੇ ਜੀਵਨ ਨੂੰ ਗੁਰਮਤਿ ਦੇ ਸੱਚੇ ਵਿਚ ਢਾਲਿਆ। ਜੇਲ੍ਹਾਂ ਵਰਗੇ ਬਿਖਮ ਅਸਥਾਨਾਂ ਤੇ ਅਤੇ ਅਤਿ ਕਰੜੇ ਹਾਲਾਤ ਵਿਚ ਆਪ ਜੀ ਨੇ ਗੁਰਮਤਿ ਅਸੂਲਾਂ ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿਤਾ। ਉਹਨਾਂ ਦਾ ਜੀਵਨ ਨਾਮ ਸਿਮਰਨ ਅਤੇ ਰਹਿਤ-ਰਹਿਣੀ ਦੇ ਪਖੋਂ ਇਕ ਅਦੁਤੀ ਨਮੂਨਾ ਹੈ, ਜਿਸ ਤੋਂ ਜਗਿਆਸੂਆਂ ਨੂੰ ਇਸ ਸੰਬੰਧੀ ਉਤਸ਼ਾਹ ਅਤੇ ਪ੍ਰੇਰਨਾ ਮਿਲਦੀ ਹੈ।

ਕਾਫ਼ੀ ਸਮੇਂ ਤੋਂ ਗੁਰਮੁਖ ਹਿਰਦਿਆਂ ਵਿਚ ਇਹ ਵਿਚਾਰ ਉਪਜ ਰਹੀ ਸੀ ਕਿ ਅਜਿਹੇ ਆਦਰਸ਼ਕ ਗੁਰਮਤੀ ਜੀਵਨ ਵਾਲੇ ਮਹਾਂ ਪੁਰਸ਼ ਦੀ ਕੋਈ ਸਥਾਈ ਯਾਦ ਕਾਇਮ ਕੀਤੀ ਜਾਵੇ। ਦੀਰਘ ਸੋਚ-ਵਿਚਾਰ ਮਗਰੋਂ ਅਖੰਡ ਕੀਰਤਨੀ ਜਥੇ ਵਲੋਂ ਇਹ ਫ਼ੈਸਲਾ ਕੀਤਾ ਗਿਆ ਕਿ "ਭਾ: ਸਾ: ਰਣਧੀਰ ਸਿੰਘ ਸਕਾਲਰਸ਼ਿਪ ਸਕੀਮ" ਚਲਾਈ ਜਾਵੇ, ਜਿਸ ਅਧੀਨ ਸਕੂਲਾਂ ਕਾਲਜਾਂ ਵਿਚ ਪੜ੍ਹ ਰਹੇ ਗੁਰਸਿਖ ਬੱਚੇ ਬੱਚੀਆਂ, ਜੋ ਵਿਦਿਆ ਪ੍ਰਾਪਤੀ ਕਰਦਿਆਂ ਹੋਇਆਂ ਖਾਲਸਾ ਰਹਿਤ ਬਹਿਤ ਵਿਚ ਪ੍ਰਪੱਕ ਅਤੇ ਗੁਰਬਾਣੀ ਪਠਨ ਪਾਠਨ ਦੇ ਨਿਤਨੇਮੀ ਹਨ, ਨੂੰ ਹੋਰ ਉਤਸ਼ਾਹਤ ਕਰਨ ਲਈ ਉਹਨਾਂ ਦਾ ਸਨਮਾਨ ਵੀ ਕੀਤਾ ਜ਼ਾਏ ਅਤੇ ਮਾਇਕ ਵਜ਼ੀਫ਼ੇ ਵੀ ਦਿਤੇ ਜਾਣ। ਸਕੀਮ ਦੁਵੱਲੀ ਲਾਭਦਾਇਕ ਹੈ, ਜਿਸ ਅਧੀਨ ਇਕ ਪਾਸੇ ਤਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸਥਾਈ ਯਾਦਗਾਰ ਕਾਇਮ ਹੋ ਜਾਂਦੀ ਹੈ ਅਤੇ ਦੂਜੇ ਪਾਸੇ ਕੌਮ ਦੀ ਨਵੀਂ ਪਨੀਰੀ—ਬੱਚੇ ਬੱਚੀਆਂ—ਅੰਦਰ ਨਾਮ ਬਾਣੀ ਦੇ ਅਭਿਆਸ ਅਤੇ ਰਹਿਤ-ਰਹਿਣੀ ਦਾ ਜੀਵਨ ਜੀਉਣ ਲਈ ਚਾਅ ਉਮਾਹ ਪੈਦਾ ਹੁੰਦਾ ਹੈ।

